Skyways Truck Driving School
Class 1A, 3A & Air Brake Training
Certified trainers with over 16 years experience.
Financing Available
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Tariq Hameed
Babir Hameed
Shamshair Tariq
@skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀ ਅਖ਼ਬਾਰ
ਪੰਜਾਬੀਅਤ ਦਾ ਪਹਿਰੇਦਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Certified SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 9 No: 208 Website : www.punjabiakhbaar.ca Emaiĺ: editor@punjabiakhbaar.ca Friday, 18 November 2022

# ਭਾਰਤ ਅਤੇ ਕੈਨੇਡਾ ਵਿਚਾਲੇ ਅਸੀਮਤ ਯਾਤਰੀ ਅਤੇ ਕਾਰਗੋ ਫਲਾਈਟਾਂ ਨੂੰ ਮਨਜ਼ੂਰੀ ਮਿਲੀ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਰਹਿੰਦੇ ਭਾਰਤੀ ਭਾਈਚਾਰੇ ਵਾਸਤੇ ਕੈਨੇਡਾ ਦੇ ਟਰਾਂਸਪੋਰਟ ਮੰਤਰੀ ਨੇ ਦੋਹਾਂ ਦੇਸ਼ਾਂ ਵਿਚਾਲੇ ਅਸੀਮਤ ਯਾਤਰੀ ਅਤੇ ਕਾਰਗੋ ਫਲਾਈਟਾਂ ਚਲਾਉਣ ਨੂੰ ਮਨਜ਼ੂਰੀ ਦਾ ਐਲਾਨ ਕੀਤਾ ਹੈ, ਜੋ ਕੇ ਫੌਰੀ ਪ੍ਰਭਾਵ ਤੋਂ ਲਾਗੂ ਹੋ ਗਿਆ ਹੈ । ਟਰਾਂਸਪੋਰਟ ਮੰਤਰੀ ?ਮਰ ਅਲਗਬਰਾ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਇਸ ਤੋਂ ਪਹਿਲਾਂ ਦੋਹਾਂ ਦੇਸ਼ਾਂ ਵਿਚਾਲੇ ਹਫ਼ਤੇ ਦੀਆਂ 35 ਫਲਾਈਟਾਂ ਹੀ ਚੱਲ ਸਕਦੀਆਂ ਸਨ ਪਰ ਹੁਣ ਇਹ ਪਾਬੰਦੀ ਖ਼ਤਮ ਕਰ ਦਿੱਤੀ ਗਈ ਹੈ। ਯਾਨੀ ਹੁਣ ਅਣਗਿਣਤ ਜਾਂ ਅਸੀਮਤ ਫਲਾਈਟਾਂ ਆ ਜਾ ਸਕਣਗੀਆਂ। ਟਰਾਂਸਪੋਰਟ ਮੰਤਰੀ ਨੇ ਅੱਗੇ ਆਖਿਆ ਕਿ ਇਸ ਫ਼ੈਸਲੇ ਨਾਲ ਕੈਨੇਡਾ ਵਿੱਚ ਰਹਿੰਦੇ ਲੱਖਾਂ ਭਾਰਤੀਆਂ ਨੂੰ ਲਾਭ ਹੋਵੇਗਾ ਅਤੇ ਉਨ੍ਹਾਂ ਲਈ ਆਪਣੇ ਪਰਿਵਾਰਾਂ ਜਾਂ ਸਕੇ ਸਬੰਧੀਆਂ ਨੂੰ ਮਿਲਣ ਵਿੱਚ ਅਸਾਨੀ ਹੋਵੇਗੀ। ਉਨ੍ਹਾਂ ਦੱਸਿਆ ਕਿ ਭਾਰਤ ਕੈਨੇਡਾ ਦਾ ਤੇਰ੍ਹਵਾਂ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਉਨ੍ਹਾਂ ਨਾਲ ਹੀ ਆਖਿਆ ਕਿ ਇਸ ਫ਼ੈਸਲੇ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ ।

## ਰੂਸ ਯੂਕਰੇਨ ਵਿਚਕਾਰ ਜੰਗ ਕਿਸੇ ਸਿੱਟੇ ਹਾਲੇ ਤੱਕ ਦੂਰ ਦਿਖਾਈ ਦਿੰਦੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕਰੇਨ ਵਿਚਾਲੇ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਜੰਗ ਅਜੇ ਤੱਕ ਕਿਸੇ ਸਿੱਟੇ 'ਤੇ ਨਹੀਂ ਪਹੁੰਚੀ ਹੈ। ਰੂਸ ਨੇ ਯੂਕਰੇਨ 'ਤੇ ਹਮਲੇ ਜਾਰੀ ਰੱਖੇ ਹੋਏ ਹਨ। ਰੂਸ ਨੇ ਯੂਕਰੇਨ ਦੇ ਦੱਖਣੀ ਸ਼ਹਿਰ ਮਾਈਕੋਲੇਵ ਵਿੱਚ ਮਿਜ਼ਾਈਲ ਹਮਲੇ ਕੀਤੇ। ਸ਼ਹਿਰ ਦੇ ਮੇਅਰ ਨੇ ਕਿਹਾ ਕਿ ਇੱਕ ਅਪਾਰਟਮੈਂਟ ਬਿਲਡਿੰਗ 'ਤੇ ਰੂਸੀ ਮਿਜ਼ਾਈਲ ਹਮਲੇ ਵਿੱਚ ਛੇ ਲੋਕ ਮਾਰੇ ਗਏ ਹਨ। ਮੇਅਰ ਨੇ ਕਿਹਾ ਕਿ ਮਿਜ਼ਾਈਲ ਹਮਲੇ 'ਚ ਇਮਾਰਤ ਤਬਾਹ ਹੋ ਗਈ। ਇਮਾਰਤ ਦੇ ਮਲਬੇ ਹੇਠੋਂ ਲੋਕਾਂ ਨੂੰ ਕੱਢਣ ਲਈ ਬਚਾਅ ਕਾਰਜ ਜਾਰੀ ਹਨ। ਇਲਾਕੇ 'ਚ ਮੌਜੂਦ ਇਕ ਨਿਊਜ਼ ਏਜੰਸੀ ਦੇ ਰਿਪੋਰਟਰ ਨੇ ਧਮਾਕਿਆਂ ਦੀ ਆਵਾਜ਼ ਸੁਣੀ। ਮੇਅਰ ਸੇਨਕੇਵਿਚ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਹਮਲੇ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਤਸਵੀਰਾਂ ਵਿੱਚ ਇੱਕ ਬਹੁ-ਮੰਜ਼ਿਲਾ ਇਮਾਰਤ ਵਿੱਚ ਇੱਕ ਵੱਡਾ ਸੁਰਾਖ ਦਿਖਾਈ ਦੇ ਰਿਹਾ ਹੈ। ਦੂਜੇ ਪਾਸੇ ਯੂਕਰੇਨ ਨੇ ਰੂਸ ਖ਼ਿਲਾਫ਼ ਜਵਾਬੀ ਕਾਰਵਾਈ ਕੀਤੀ ਹੈ। ਯੂਕਰੇਨ ਦਾ ਦਾਅਵਾ ਹੈ ਕਿ ਉਸ ਨੇ 50 ਰੂਸੀ ਸੈਨਿਕਾਂ ਨੂੰ ਮਾਰ ਦਿੱਤਾ ਹੈ ਅਤੇ 3 ਟੈਂਕਾਂ ਨੂੰ ਤਬਾਹ ਕਰ ਦਿੱਤਾ ਹੈ। ਇਸ ਦੇ ਨਾਲ ਹੀ 11 ਬਖਤਰਬੰਦ ਵਾਹਨਾਂ ਨੂੰ ਤਬਾਹ ਕਰਨ ਦਾ ਦਾਅਵਾ ਵੀ ਯੂਕ੍ਰੇਨੀ ਫੌਜ ਵੱਲੋਂ ਕੀਤਾ ਜਾ ਰਿਹਾ ਹੈ

# ਰਾਜੀਵ ਗਾਂਧੀ ਦੀ ਕਾਤਿਲ ਨਲਿਨੀ ਸਣੇ ਚਾਰ ਹੋਰ ਦੋਸ਼ੀ ਰਿਹਾਅ



ਚੇਨੱਈ (ਪੰਜਾਬੀ ਅਖਬਾਰ ਬਿਊਰੋ)- ਰਾਜੀਵ ਗਾਂਧੀ ਕਤਲ ਕਾਂਡ ਦੇ ਦੋਸ਼ੀ ਨਲਿਨੀ ਸ਼੍ਰੀਹਰਨ ਅਤੇ ਚਾਰ ਹੋਰ ਦੋਸ਼ੀਆਂ ਨੂੰ ਤਾਮਿਲਨਾਡੂ ਦੀਆਂ ਜੇਲ੍ਹਾਂ ’ਚੋਂ ਰਿਹਾਅ ਕਰ ਦਿੱਤਾ ਗਿਆ। ਵੇਲੋਰ ’ਚ ਔਰਤਾਂ ਲਈ ਵਿਸ਼ੇਸ਼ ਜੇਲ੍ਹ ’ਚੋਂ ਰਿਹਾਅ ਹੋਣ ਦੇ ਤੁਰੰਤ ਬਾਅਦ ਨਲਿਨੀ ਵੇਲੋਰ ਕੇਂਦਰੀ ਜੇਲ੍ਹ ਗਈ ਜਿੱਥੋਂ ਉਸ ਦੇ ਪਤੀ ਵੀ.ਸ਼੍ਰੀਹਰਨ ਉਰਫ਼ ਮੁਰੂਗਨ ਨੂੰ ਰਿਹਾਅ ਕੀਤਾ ਗਿਆ। ਪਤੀ ਨੂੰ ਮਿਲ ਕੇ ਨਲਿਨੀ ਭਾਵੁਕ ਹੋ ਗਈ।ਮੁਰੂਗਨ ਤੋਂ ਇਲਾਵਾ ਇਸ ਮਾਮਲੇ ’ਚ ਹੋਰ ਦੋਸ਼ੀ ਸੰਥਨ ਨੂੰ ਰਿਹਾਈ ਤੋਂ ਬਾਅਦ ਪੁਲੀਸ ਵਾਹਨ ’ਚ ਸੂਬੇ ਦੇ ਤਿਰੂਚਿਰਾਪੱਲੀ ਸਥਿਤ ਵਿਸ਼ੇਸ਼ ਸ਼ਰਨਾਰਥੀ ਕੈਂਪ ’ਚ ਲਿਜਾਇਆ ਗਿਆ। ਦੋਵੇਂ ਸ੍ਰੀਲੰਕਾ ਦੇ ਨਾਗਰਿਕ ਹਨ। ਰਾਜੀਵ ਗਾਂਧੀ ਕਤਲ ਕਾਂਡ ਦੇ ਦੋਸ਼ੀ ਰੌਬਰਟ ਪਾਯਸ ਅਤੇ ਜੈਕੁਮਾਰ ਨੂੰ ਇੱਥੇ ਦੀ ਪੁਜ਼ਾਲ ਜੇਲ੍ਹ ’ਚੋਂ ਰਿਹਾਅ ਹੋਣ ਤੋਂ ਬਾਅਦ ਵਿਸ਼ੇਸ਼ ਸ਼ਰਨਾਰਥੀ ਕੈਂਪ ’ਚ ਲਿਜਾਇਆ ਗਿਆ। ਪਾਯਸ ਅਤੇ ਰਾਜਕੁਮਾਰ ਵੀ ਸ਼੍ਰੀਲੰਕਾ ਦੇ ਨਾਗਰਿਕ ਹਨ। ਸੁਪਰੀਮ ਕੋਰਟ ਦੇ ਹੁਕਮਾਂ ਦੀ ਕਾਪੀ ਮਿਲਣ ਤੋਂ ਬਾਅਦ ਜੇਲ੍ਹ ਅਧਿਕਾਰੀਆਂ ਨੇ ਸ੍ਰੀ ਲੰਕਾ ਦੇ ਚਾਰ ਨਾਗਰਿਕਾਂ ਸਮੇਤ ਸਾਰੇ ਛੇ ਦੋਸ਼ੀਆਂ ਨੂੰ ਰਿਹਾਅ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਅਦਾਲਤ ਨੇ ਜ਼ਿਕਰ ਕੀਤਾ ਕਿ ਇਕ ਹੋਰ ਦੋਸ਼ੀ ਏ.ਜੀ.ਪੇਰਾਰੀਵਲਨ ਨੂੰ ਰਿਹਾਅ ਕਰਨ ਵਾਲਾ ਇਸ ਦਾ ਪਹਿਲਾ ਹੁਕਮ ਇਨ੍ਹਾਂ ਦੋਸ਼ੀਆਂ ’ਤੇ ਬਰਾਬਰ ਲਾਗੂ ਹੁੰਦਾ ਹੈ। ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਕਤਲ ਕਾਂਡ ਮਾਮਲੇ ’ਚ ਤਕਰੀਬਨ 3 ਦਹਾਕਿਆਂ ਤੋਂ ਉਮਰ ਕੈਦ ਦੀ ਸਜ਼ਾ ਕੱਟ ਰਹੀ ਨਲਿਨੀ ਸ਼੍ਰੀਹਰਨ ਅਤੇ ਬਾਕੀ ਪੰਜ ਹੋਰ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਨਿਰਦੇਸ਼ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ 21 ਮਈ 1991 ਨੂੰ ਤਾਮਿਲਨਾਡੂ ਦੇ ਸ਼੍ਰੀਪੇਰੰਬਦੂਰ ’ਚ ਇੱਕ ਚੋਣ ਰੈਲੀ ਦੌਰਾਨ ਇੱਕ ਮਹਿਲਾ ਆਤਮਘਾਤੀ ਹਮਲਾਵਰ ਨੇ ਕਤਲ ਕਰ ਦਿੱਤਾ ਸੀ। ਨਲਿਨੀ ਤੋਂ ਇਲਾਵਾ ਉਸ ਦੇ ਪਤੀ ਵੀ.ਸ਼੍ਰੀਹਰਨ ਉਰਫ਼ ਮੁਰੂਗਨ,

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
Vine Group | Mortgage Alliance
200 1965 Broad Street, Regina, SK S4P 1Y1

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E.
Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor,
RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

SAGAR (SEAN) KUNDRA
REALTOR®
Call To Buy or Sell Any Property
eXp REALTY
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਕਾਲ ਕਰੋ।
Cell: 306-241-6799
seankundra@realtyexecutives.com
355 Broad Street, Regina, SK S4R 1X2

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in
English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲਾ ਯਾਰਡ
• ਪਰੌਪਰ ਟਰੇਨਿੰਗ ਘੰਟੇ
(ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

100 PERCENT REALTY TEAM
NIRANJAN KUMAR
REALTOR
306.515.2036
URREALTOR.NIRANJAN@GMAIL.COM

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੋਂ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
Independently Owned & Operated - Brokerage Lic. #316454
MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver
for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 Hours !
MUST HAVE
- Clean Driver Abstract and CVOR
- Clear Criminal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORSHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
CANADA IMMIGRATION SERVICES
• EXTENSION OF STAY / CHANGE STATUS AND MORE...
BUSINESS/INVESTOR CATEGORY
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com

# SIZE MATTERS

## ਆਓ $20,000* ਤੱਕ ਦੀ ਬੱਚਤ ਕਰੀਏ !

ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸਾਮਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸਾਮਿਲ ਹੈ!

**ਟਾਊਨ ਹੋਮ**
**$385,000 ਤੋਂ ਸ਼ੁਰੂ**



**ਰੋਅ ਹੋਮ**
**$485,000 ਤੋਂ ਸ਼ੁਰੂ**











| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

COPPERSTONE
AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

SOUTHPOINT
A MASTER PLANNED COMMUNITY

**403.980.1979**
**VESTASOUTHPOINT.COM**

SHOWHOMES & SALES CENTRE
600 South Point Heath SW
Airdrie AB

VESTA PROPERTIES

* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਹਾੜੇ ਮੌਕੇ ਗੁਰੂ ਘਰ ਵੱਲੋਂ ਰੇਡੀਓ ਰੈਡ ਐਫ ਐਮ ਕੈਲਗਰੀ ਦੇ ਸਹਿਯੋਗ ਨਾਲ 7,68,975 ਡਾਲਰ ਫਿਊਨਰਲ ਹੋਮ ਲਈ ਇਕੱਠੇ ਕੀਤੇ









ਖਬਰ ਲਿਖੇ ਜਾਣ ਤੱਕ ਦਾਨ ਰਾਸ਼ੀ ਸਵਾ ਅੱਠ ਲੱਖ ਡਾਲਰ ਦੇ ਕਰੀਬ ਹੋ ਚੁੱਕੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਬੀਤੀ 8 ਨਵੰਬਰ 2022 ਵਾਲੇ ਦਿਨ ਕੈਲਗਰੀ ਦੇ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਵੱਲੋਂ ਗੁਰੂ ਨਾਨਕ ਸਾਹਿਬ ਜੀ ਜਨਮ ਦਿਹਾੜੇ ਮੌਕੇ ਗੁਰੂ ਘਰ ਵਿਖੇ ਫੰਡ ਇਕੱਠਾ ਕਰਨ ਦਾ ਪਰੋਗਰਾਮ ਉਲੀਕਿਆ ਗਿਆ। ਰੇਡੀਓ ਰੈਡ ਐਫ ਐਮ ਕੈਲਗਰੀ ਦੇ ਸਹਿਯੋਗ ਨਾਲ ਸਵੇਰ ਤੋਂ ਲੈਕੇ ਸਾਮ ਤੱਕ ਕੜਾਕੇ ਦੀ ਠੰਡ ਹੋਣ ਦੇ ਬਾਵਜੂਦ ਵੀ ਕੈਲਗਰੀ ਅਤੇ ਆਸਪਾਸ ਦੇ ਇਲਾਕੇ ਦੀ ਸੰਗਤ ਵੱਲੋਂ ਕੁੱਲ ਸੱਤ ਲੱਖ ਅਠਾਹਠ ਹਜ਼ਾਰ ਨੌਂ ਸੌਂ ਪਝੱਤਰ ਡਾਲਰ ਇੱਕ ਦਿਨ ਵਿੱਚ ਇਕੱਠੇ ਕੀਤੇ। ਇਹਨਾਂ ਦਾਨ ਦੇਣ ਵਾਲਿਆਂ ਵਿੱਚ 51000 ਡਾਲਰ ਦੀ ਰਕਮ ਕਲੇਰ ਹੋਮਜ, ਅਮਨਪ੍ਰੀਤ ਗਿੱਲ ਤੇ ਉਹਨਾਂ ਦੇ ਸਾਥੀ, ਬੀਕਾਨੇਰ ਸਵੀਟਸ ਅਤੇ ਬੈਸਟ ਬਾਇ ਫਰਨੀਚਰ ਵਾਲੇ ਭਰਾਵਾਂ ਦੀ ਜੋੜੀ ਰਾਜਪਾਲ ਸਿੱਧੂ ਅਤੇ ਕਰਮਪਾਲ ਸਿੱਧੂ ਵੱਲੋਂ 13000 ਡਾਲਰ, ਏਸ਼ੀਆ ਪੈਸੇਫਿਕ ਇੰਮੀਗ੍ਰੇਸ਼ਨ ਵਾਲੇ ਮਨਿੰਦਰ ਸਿੰਘ ਢਿੱਲੋਂ ਵੱਲੋਂ 13013 ਡਾਲਰ, ਦਵਿੰਦਰ ਸ਼ੋਰੀ ਤੇ ਸਾਥੀਆਂ ਵੱਲੋਂ 6500 ਡਾਲਰ, ਰਿਕੀ ਕਲੇਰ ਵੱਲੋਂ 5000 ਡਾਲਰ ਅਤੇ ਪੰਜਾਬ ਇੰਸੋਰੈਂਸ ਵਾਲੇ ਹਰਪਿੰਦਰ ਸਿੱਧੂ ਵੱਲੋਂ 2500 ਡਾਲਰ ਸਾਮਿਲ ਹਨ।ਰਾਜਨੀਤਕ ਖੇਤਰ ਵਿੱਚੋਂ ਐਮ ਪੀ ਜੌਰਜ ਚਾਹਲ ਤੇ ਜਸਰਾਜ ਹੱਲਣ,ਅਲਬਰਟਾ ਪ੍ਰੀਮੀਅਰ ਡੇਨਿਐਲ ਸਮਿਥ, ਸੱਭਿਆਚਾਰਕ ਮਾਮਲਿਆਂ ਦੀ ਮੰਤਰੀ ਰਾਜਨ ਸਾਹਨੀ, ਐਮ ਐਲ ਏ ਦਵਿੰਦਰ ਤੂਰ ਤੇ ਇਰਫਾਨ ਸਾਬਿਰ ਨੇ ਵੀ ਹਾਜਰੀ ਲਗਵਾਈ। ਵਰਨਣਯੋਗ ਹੈ ਕਿ ਗੁਰੂਘਰ ਵੱਲੋਂ ਆਪਣਾ ਹੀ ਫਿਊਨਰਲ ਹੋਮ ਉਸਾਰੇ ਜਾਣ ਸਬੰਧੀ ਕੈਲਗਰੀ ਵਸਦੇ ਭਾਈਚਾਰੇ ਨੂੰ ਰੇਡੀਓ ਰੈਡ ਐਫ ਐਮ ਦੇ ਜ਼ਰੀਏ ਫੰਡ ਇਕੱਤਰ ਕਰਨ ਲਈ ਅਪੀਲ ਕੀਤੀ ਸੀ ਤਾਂ ਸੰਗਤਾਂ ਨੇ ਇੱਕ ਦਿਨ ਵਿੱਚ ਹੀ ਸੱਤ ਲੱਖ ਅਠਾਹਠ ਹਜ਼ਾਰ ਨੌਂ ਸੌਂ ਪਝੱਤਰ ਡਾਲਰ ਦਾਨ ਦੇ ਰੂਪ ਵਿੱਚ ਇਕੱਠੇ ਕਰ ਲਏ। ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਬਲਜਿੰਦਰ ਸਿੰਘ ਗਿੱਲ ਨੇ ਸਮੂਹ ਸਿੱਖ ਸੰਗਤਾਂ ਵੱਲੋਂ ਪਾਏ ਯੋਗਦਾਨ ਬਦਲੇ ਉਹਨਾਂ ਦਾ ਧੰਨਵਾਦ ਕੀਤਾ। ਰੇਡੀਓ ਦੇ ਸੀਈਓ ਕੁਲਵਿੰਦਰ ਸੰਘੇੜਾ ਨੇ ਸਮੂਹ ਦਾਨੀਆਂ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਸ਼ਾਮਲ ਵਲੰਟੀਅਰਾਂ ਦਾ ਧੰਨਵਾਦ ਕੀਤਾ ਜਿਹਨਾਂ ਕੜਾਕੇ ਦੀ ਠੰਡ ਵਿੱਚ ਬੇਰੋਕ ਸੇਵਾ ਜਾਰੀ ਰੱਖੀ।


SUPERVISA Medical Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

A PLUS

- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday
10% OFF When you buy less than 3 lbs
15% OFF When you buy 3 lbs or more

Special Discount for Birthdays & Parties

LAKESIDE MEAT MASALA
Now Serving Cooked Marinated Meat, Fish and Chicken

ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ

202, 175 Chestermere Station Way Chestermere, AB T1X 1V2
587.470.4000

Calgary




# ਕੈਲਗਰੀ ਸਿਟੀ ਅੱਪਡੇਟ ਕਰ ਰਹੀ ਹੈ ਕਿ ਅਸੀਂ **ਜਨਤਕ ਸੁਣਵਾਈਆਂ** ਦੇ ਵਿਗਿਆਪਨ ਕਿਵੇਂ ਦਿੰਦੇ ਹਾਂ।

ਸਿਟੀ ਥੋੜ੍ਹੇ ਵੱਖਰੇ ਢੰਗ ਨਾਲ ਜਨਤਕ ਸੁਣਵਾਈਆਂ ਦੇ ਵਿਗਿਆਪਨ ਦੇ ਰਹੀ ਹੈ। ਹੁਣ, ਸਾਡੀ ਵੈੱਬਸਾਈਟ 'ਤੇ ਯੋਜਨਾਬੰਦੀ ਦੇ ਮਾਮਲਿਆਂ ਬਾਰੇ ਸਾਰੀ ਜਾਣਕਾਰੀ ਲੱਭੋ। ਅਸੀਂ ਹੌਲੀ-ਹੌਲੀ ਅਖਬਾਰਾਂ ਵਿਚ ਛਾਪੇ ਜਾਣ ਵਾਲੇ ਵਿਗਿਆਪਨਾਂ ਤੋਂ ਦੂਰ ਜਾ ਰਹੇ ਹਾਂ। ਜੂਨ 2023 ਤੱਕ, ਸਾਡੀ ਵਿਗਿਆਪਨ ਪ੍ਰਣਾਲੀ ਡਿਜ਼ੀਟਲ ਵਿਗਿਆਪਨਾਂ 'ਤੇ ਕੇਂਦ੍ਰਿਤ ਹੋਵੇਗੀ, ਅਤੇ ਸਾਈਟ 'ਤੇ ਨੋਟਿਸ ਪੋਸਟ ਕੀਤੇ ਜਾਣਾ ਅਤੇ ਆਸ-ਪਾਸ ਦੇ ਗੁਆਂਢੀਆਂ ਨੂੰ ਡਾਕ ਰਾਹੀਂ ਪੱਤਰ ਭੇਜੇ ਜਾਣਾ ਜਾਰੀ ਰੱਖੇਗੀ।

ਹੋਰ ਵੇਰਵਿਆਂ ਲਈ **calgary.ca/planningmatters** 'ਤੇ ਜਾਓ।

22-0023303 - ADV-16562





**COLD IRON TRUCK CENTER**

SALE LEASING WARRANTY



WE BUY, WE SELL TRUCKS & TRAILERS

212 - 6958 76 Ave NW, Edmonton
+1-416-560-2250, +1-780-904-0005
www.coldirontrucks.com




**Bains Vision Centre**

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ



**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1





**PUNJABI SWEETS**
HOUSE & RESTAURANT

TAKE OUT
We do catering also

ALL KINDS OF SWEETS NON-VEG & VEGI FOOD

FAST & BEST FRIENDLY SERVICE

Open 7 Days a Week
403-293-5252

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Bay 113 216 Saddle Towne Cir. N.E. T3J 0C9





*An Efficient Mortgage / Home Financing Process Contact Kulwant Manhas*

ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ

Scotiabank

**Kulwant S. Manhas**
Home Financing Advisor
C: (587)-899-2093
E: kulwant.Manhas@scotiabank.com

Specializing in:
- Home Buyers
- Refinancing
- New to Canada
- Construction Draws



*Vig Fashions*

Jewellery - Fashion Boutique
Tailoring - Dry Clean

ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।

ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ

ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ

Ph: 403-590-5620
#159-5120 47 Street NE, Calgary (AB)
E: Vigfashions@gmail.com



MP CHAHAL'S
JOB FAIR
IN PARTNERSHIP WITH
GENESIS CENTRE
1,000+ JOBS AVAILABLE
11:00 AM – 2:00 PM
AT THE GENESIS CENTRE
REGISTER NOW!
GeorgeChahalMP.ca/jobfair
19 NOVEMBER
GEORGE CHAHAL
Member of Parliament

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਆਪਣੇ ਲਈ ਜਿਮਨੀ ਚੋਣ 6923 ਵੋਟਾਂ ਪ੍ਰਾਪਤ ਕਰਕੇ ਜਿੱਤੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਬਰੂਕਸ-ਮੈਡੀਸਨ ਹੈਟ ਦੀ ਜ਼ਿਮਨੀ ਚੋਣ 8 ਨਵੰਬਰ 2022 ਨੂੰ ਹੋਈਆਂ ਵੋਟਾਂ ਉਪਰੰਤ ਜਿੱਤ ਲਈ ਹੈ। ਰਾਜਨੀਤੀ ਤੋਂ ਇੱਕ ਬਾਰੀ ਕਿਨਾਰਾ ਕਰ ਲੈਣ ਉਪਰੰਤ ਹੁਣ ਸੱਤ ਸਾਲ ਬਾਅਦ ਉਹਨਾਂ ਵਿਧਾਨ ਸਭਾ ਵਿੱਚ ਇਹ ਸੀਟ ਹਾਸਲ ਕੀਤੀ ਹੈ।ਸਮਿਥ ਨੇ ਇਸ ਚੋਣ ਮੁਕਾਬਲੇ ਵਿੱਚ ਆਪਣੇ ਚਾਰ ਵਿਰੋਧੀਆਂ ਨੂੰ ਹਰਾਇਆ ਹੈ, ਜਿਨ੍ਹਾਂ ਵਿੱਚ ਬਰੂਕਸ ਦੇ ਸਾਬਕਾ ਮੇਅਰ ਬੈਰੀ ਮੋਰੀਸ਼ਿਤਾ ਵੀ ਸ਼ਾਮਲ ਹਨ। ਇਲੈਕਸ਼ਨਜ਼ ਅਲਬਰਟਾ ਦੇ ਅਨੁਸਾਰ, ਸਮਿਥ ਨੇ 76 ਪਲਿੰਗ ਬੂਥਾਂ ਵਿੱਚੋਂ ਪੋਲ ਹਈਆਂ 12695 ਵੋਟਾਂ ਵਿੱਚੋਂ 6923 ਵੋਟ ਪ੍ਰਾਪਤ ਕੀਤੇ ਹਨ।ਇਸ ਚੋਣ ਦੰਗਲ ਵਿੱਚ ਬਾਕੀ ਉਮੀਂਦਵਾਰਾਂ ਦਾ ਲੇਖਾਜੋਖਾ ਕਰੀਏ ਤਾਂ ਐਨਡੀਪੀ ਉਮੀਦਵਾਰ ਗਵੇਂਡੋਲੀਨ ਡਰਕ 3393 ਵੋਟਾਂ ਲੈ ਕੇ ਦੂਜੇ ਸਥਾਨ 'ਤੇ ਰਹੀ, ਜਦੋਂ ਕਿ ਬਰੁਕਸ ਦੇ ਸਾਬਕਾ ਮੇਅਰ ਬੈਰੀ ਮੋਰਿਸ਼ਤਾ, ਜੋ ਅਲਬਰਟਾ ਪਾਰਟੀ ਦੀ ਆਗੂ ਵੀ ਹੈ, ਨੇ 2098 ਵੋਟਾਂ ਹਾਸਲ ਕੀਤੀਆਂ।ਇੰਡੀਪੈਂਡੈਂਸ ਪਾਰਟੀ ਦੇ ਬੌਬ ਨੂੰ (225) ਵੋਟਾਂ ਪਈਆਂ। ਵਾਈਲਡਰੋਜ਼ ਇੰਡੀਪੈਂਡੈਂਸ ਪਾਰਟੀ ਦੇ ਜੀਵਨ ਮਾਂਗਟ ਨੂੰ ਸਿਰਫ 56 ਵੋਟਾਂ ਹੀ ਮਿਲੀਆਂ ਹਨ। ਇੱਥੇ ਤੁਹਾਨੂੰ ਇਹ ਵੀ ਦੱਸ ਦੇਈਏ ਕਿ ਸਭ ਤੋਂ ਘੱਟ ਵੋਟਾਂ ਲੈਣ ਵਾਲਾ ਜੀਵਨ ਮਾਂਗਟ ਕਿਸੇ ਸਮੇਂ ਉਸ ਸਮੇਂ ਦੀ ਵਾਈਲਡਰੋਜ ਪਾਰਟੀ ਪ੍ਰਧਾਨ ਡੇਨੀਅਲ ਸਮਿੱਥ ਦੇ ਕਾਫੀ ਨਜਦੀਕ ਹੁੰਦਾ ਸੀ ।ਪਰ ਜਦੋਂ ਡੈਨੀਅਲ ਸਮਿੱਥ ਨੇ ਪੂਰੀ ਪਾਰਟੀ ਹੀ ਕੰਜ਼ਰਵੇਟਿਵ ਪਾਰਟੀ ਵਿੱਚ ਸਾਮਿਲ ਕਰ ਦਿੱਤੀ ਸੀ ਤਾਂ ਉਸ ਸਮੇਂ ਕੁੱਝ ਕੁ ਬਚੇ ਲੋਕਾਂ ਨੇ ਵਾਈਲਡਰੋਜ਼ ਇੰਡੀਪੈਂਡੈਂਸ ਪਾਰਟੀ ਬਣਾ ਲਈ ਸੀ ਜਿਹਨਾਂ ਵਿੱਚ ਜੀਵਨ ਮਾਂਗਟ ਵੀ ਸਾਮਿਲ ਸੀ। ਡੈਨੀਅਲ ਸਮਿੱਥ ਨੇ 6 ਅਕਤੂਬਰ 2022 ਨੂੰ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਅਤੇ ਪ੍ਰੀਮੀਅਰ ਵਜੋਂ ਜੇਸਨ ਕੈਨੀ ਦੀ ਥਾਂ ਲੈਣ ਦੀ ਦੌੜ ਜਿੱਤ ਲਈ ਸੀ ਅਤੇ ਹੁਣ ਉਸ ਲਈ ਇਹ ਲਾਜਿਮੀ ਸੀ ਕਿ ਉਹ ਕਿਸੇ ਵਿਧਾਨ ਸਭਾ ਹਲਕੇ ਤੋਂ ਐਮ ਐਲ ਏ ਦੀ ਚੋਣ ਜਿੱਤ ਕੇ ਆਵੇ।, ਜੋ ਇਸ ਵੇਲੇ ਉਹਨਾਂ ਜਿੱਤ ਲਈ ਹੈ।

Call For All Your Real Estate Needs
ਕੈਲਗਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਕੋਈ ਵੀ ਕਮਰਸ਼ੀਅਲ ਪ੍ਰਾਪਰਟੀ ਨਵਾਂ ਜਾਂ ਪੁਰਾਣਾ ਘਰ, ਖਰੀਦਣ ਜਾਂ ਵੇਚਣ ਲਈ ਕਾਲ ਕਰੋ
Century 21
Liquor Store, Car Wash, Condo, Bays for Sale
Gurprit Sidhu (Rana)
825 945 8441

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

## ਜਨਮਦਿਨ ਮੁਬਾਰਕ



ਕੈਲਗਰੀ ਦੇ ਰੀਓ ਬੈਂਕਿਊਟ ਹਾਲ ਵਿਖੇ ਕੈਲਗਰੀ ਦੇ ਨਾਮਵਰ ਬਿਜਨਿਸਮੈਨ ਅਤੇ ਸਮਾਜ ਸੇਵੀ ਸ: ਪਾਲ ਸਿੰਘ ਸੇਖੋਂ ਦੀ ਬੇਟੀ ਨਵਪ੍ਰਿੰਸ ਸੇਖੋਂ ਦਾ 16ਵਾਂ ਜਨਮਦਿਨ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਕੈਲਗਰੀ ਦੀਆਂ ਨਾਮਵਰ ਸਖ਼ਸੀਅਤਾਂ ਨੇ ਹਾਜਰੀ ਭਰੀ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੱਲੋਂ ਸੇਖੋਂ ਪਰਿਵਾਰ ਨੂੰ ਇਹਨਾਂ ਖੁਸੀਆਂ ਭਰੇ ਪਲਾਂ ਮੌਕੇ ਬਹੁਤ ਬਹੁਤ ਮੁਬਾਰਕਬਾਦ

# ਕੰਵਰਜੀਤ ਸਿੰਘ ਸੰਧੂ ਨੇ ਯੁਨਾਈਟਿਡ ਕੰਜ਼ਰਵੇਟਿਵ ਪਾਰਟੀ ਵੱਲੋਂ ਨਾਮੀਨੇਸ਼ਨ ਲੜਨ ਦਾ ਐਲਾਨ ਕੀਤਾ



ਐਡਮੰਟਨ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਐਡਮੰਟਨ ਵਿਖੇ ਹੋਏ ਇੱਕ ਸਮਾਗਮ ਦੌਰਾਨ ਕੰਵਰਜੀਤ ਸਿੰਘ ਸੰਧੂ ਨੇ ਯੁਨਾਈਟਿਡ ਕੰਜ਼ਰਵੇਟਿਵ ਪਾਰਟੀ ਵੱਲੋਂ ਐਡਮੰਟਨ ਮੈਡੋ ਤੋਂ ਨਾਮੀਨੇਸ਼ਨ ਲਈ ਆਪਣਾ ਨਾਂ ਵੋਟਰਾਂ ਸਾਹਮਣੇ ਰੱਖਿਆ ਹੈ। ਕੰਵਰਜੀਤ ਸਿੰਘ ਸੰਧੂ ਐਡਮੰਟਨ ਦੀ ਜਾਣੀ ਪਹਿਚਾਣੀ ਸ਼ਖਸ਼ੀਅਤ ਸ: ਸਕੱਤਰ ਸਿੰਘ ਸੰਧੂ ਦੇ ਬੇਟੇ ਹਨ। ਇਸ ਮੌਕੇ ਬੋਲਦਿਆਂ ਸ: ਸੰਧੂ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਸਥਾਨਿਕ ਸਮੱਸਿਆਵਾਂ ਜਿਵੇਂ ਕਿ ਟਰਾਂਸਪੋਰਟ ਆਦਿ ਨੂੰ ਹੱਲ ਕਰਨ ਦੀ ਲੋੜ ਹੈ। ਇਸ ਮੌਕੇ ਸਹਿਰ ਦੇ ਪਤਵੰਤੇ ਸੱਜਣਾਂ ਮਨਿੰਦਰ ਬਾਸੀ,ਗੁਰਜੋਤ ਸੰਧੂ,ਚਰਨ ਸਿੰਘ ਸੱਗੂ,ਕੰਚਨ ਬਹਿਲ,ਨੇ ਸਮੁੱਚੇ ਭਾਈਚਾਰੇ ਨੂੰ ਕੰਵਰਜੀਤ ਸਿੰਘ ਸੰਧੂ ਦੀ ਮੱਦਦ ਦੀ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਕਨੇਡਾ ਦੇ ਪੜੇ ਲਿਖੇ ਨੌਜਵਾਨਾਂ ਨੂੰ ਰਾਜਨੀਤੀ ਦੇ ਖੇਤਰ ਵਿੱਚ ਅੱਗੇ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਮੌਕੇ ਹਰਵੀਰ ਸੰਧੂ, ਦਰਸਨ ਸਿੰਘ ਗਿੱਲ, ਕਰਨੈਲ ਦਿਓਲ,ਹਰਜੀਤ ਸੰਧੂ, ਮਨਜੀਤ ਫੇਰੂਮਾਨ, ਜੋਗਾ ਸਿੰਘ ਖਹਿਰਾ, ਵਤਨ ਘੁੰਮਣ,ਮਿੰਟੂ ਕਾਹਲੋਂ, ਮੰਗਲ ਪਟਵਾਰੀ, ਹਰਜਿੰਦਰ ਸੰਧੂ, ਰਣਜੀਤ ਰੰਧਾਵਾ, ਫਰਿਆਦ ਪੰਨੂੰ,ਹੋਰੀਂ ਵੀ ਸਾਮਿਲ ਸਨ।


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

P PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4



## ਸੰਪਾਦਕੀ

ਸੰਕਟ ਵਿਚੋਂ ਵੀ ਸੇਧ ਮਿਲਦੀ ਹੈ।
-ਪਬਲੀਲੀਅਸ ਸਾਇਰਸ

# ਵਧਦੀ ਹਿੰਸਾ ਅਤੇ ਲਾਇਸੈਂਸੀ ਹਥਿਆਰਾਂ 'ਤੇ ਰੋਕ

ਪੰਜਾਬ ਵਿੱਚ ਵੱਧ ਰਹੀ ਹਿੰਸਾ ਅਤੇ ਢਹਿ ਢੇਰੀ ਹੋ ਰਹੀ ਕਾਨੂੰਨ ਵਿਵਸਥਾ ਨੂੰ ਸੰਭਾਲਣ ਲਈ ਹੁਣ ਸੂਬਾ ਸਰਕਾਰ ਨੂੰ ਚਿੰਤਾ ਵਿੱਚ ਪਾਇਆ ਹੋਇਆ ਹੈ। ਫੌਰੀ ਤੌਰ 'ਤੇ ਸਰਕਾਰ ਨੇ ਪਹਿਲਾ ਕਦਮ ਚੁੱਕਦਿਆਂ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਅਤੇ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਹਥਿਆਰਾਂ ਦਾ ਹੁਣ ਜਨਤਕ ਥਾਵਾਂ 'ਤੇ ਪ੍ਰਦਰਸ਼ਨ ਨਹੀਂ ਕੀਤਾ ਜਾਵੇਗਾ। ਭਾਵ ਜਨਤਕ ਸਮਾਗਮਾਂ, ਧਾਰਮਿਕ ਸਥਾਨਾਂ, ਵਿਆਹਾਂ ਅਤੇ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਹਥਿਆਰਾਂ ਦੇ ਪ੍ਰਦਰਸ਼ਨ ਅਤੇ ਵਰਤੋਂ 'ਤੇ ਪਾਬੰਦੀ ਹੋਵੇਗੀ। ਸਰਕਾਰ ਦਾ ਸਾਰਾ ਜ਼ੋਰ ਹਥਿਆਰਾਂ 'ਤੇ ਪਾਬੰਦੀ ਲਾਉਣ 'ਤੇ ਲੱਗਾ ਹੋਇਆ ਹੈ ਕਿਉਂਕਿ ਸੂਬੇ 'ਚ ਤੇਜ਼ੀ ਨਾਲ ਵਧ ਰਹੇ ਬੰਦੂਕ ਕਲਚਰ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ। ਮਾਮੂਲੀ ਝਗੜਿਆਂ ਵਿੱਚ ਵੀ ਲੋਕ ਗੁੱਸੇ ਵਿੱਚ ਆ ਜਾਂਦੇ ਹਨ ਅਤੇ ਹਥਿਆਰਾਂ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜਿਹੇ ਝਗੜਿਆਂ ਨੂੰ ਦੁਸ਼ਮਣੀ ਵਿੱਚ ਬਦਲਣ ਵਿੱਚ ਦੇਰ ਨਹੀਂ ਲੱਗਦੀ ਅਤੇ ਇਸ ਦਾ ਨਤੀਜਾ ਉਹੀ ਖ਼ੂਨ-ਖ਼ਰਾਬੇ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਪਿਛਲੇ ਕੁੱਝ ਮਹੀਨਿਆਂ ਤੋਂ ਦੇਖਣ ਨੂੰ ਮਿਲ ਰਿਹਾ ਹੈ। ਭਾਵੇਂ ਪੰਜਾਬ ਵਿੱਚ ਅਪਰਾਧਿਕ ਗਰੋਹਾਂ ਦਾ ਇਤਿਹਾਸ ਪੁਰਾਣਾ ਹੈ ਅਤੇ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਸੂਬੇ ਵਿੱਚ ਜਿਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਉਨ੍ਹਾਂ ਲਈ ਦਿਸ਼ਾ-ਨਿਰਦੇਸ਼ ਦੇਣ ਵਾਲੇ ਦੇਸ਼ ਵਿਦੇਸ਼ ਵਿੱਚ ਬੈਠੇ ਹਨ। ਕੁੱਝ ਮਹੀਨੇ ਪਹਿਲਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਸੂਬੇ ਵਿੱਚ ਜਿਸ ਰਫ਼ਤਾਰ ਨਾਲ ਅਪਰਾਧ ਵਧ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹਨ। ਸਰਕਾਰ ਮਹਿਸੂਸ ਕਰ ਰਹੀ ਹੈ ਕਿ ਹਥਿਆਰਾਂ ਦੀ ਵਰਤੋਂ 'ਤੇ ਪਾਬੰਦੀ ਲਗਾ ਕੇ ਅਪਰਾਧਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸੇ ਲਈ ਨਵੇਂ ਹਥਿਆਰਾਂ ਲਈ ਲਾਇਸੰਸ ਜਾਰੀ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਇਸ ਦੇ ਨਾਲ ਹੀ ਤਿੰਨ ਮਹੀਨਿਆਂ ਪੁਰਾਣੇ ਲਾਇਸੈਂਸਾਂ ਦੀ ਸਮੀਖਿਆ ਕੀਤੀ ਜਾਵੇਗੀ। ਹਾਲਾਂਕਿ ਇਹ ਸਾਰੇ ਕਦਮ ਅਜਿਹੇ ਹਨ ਜੋ ਪਹਿਲਾਂ ਵੀ ਚੁੱਕੇ ਜਾ ਸਕਦੇ ਸਨ। ਪਰ ਮੂਸੇਵਾਲਾ ਦੇ ਕਤਲ ਤੋਂ ਬਾਅਦ ਵੀ ਪੁਲਿਸ ਨੇ ਓਹੋ ਜਿਹੀ ਚੌਕਸੀ ਨਹੀਂ ਦਿਖਾਈ ਜੋ ਦਿਖਾਉਣੀ ਚਾਹੀਦੀ ਸੀ, ਜਿਸ ਕਾਰਨ ਪਿਛਲੇ ਦਿਨਾਂ ਵਿੱਚ 4 ਨਵੰਬਰ ਨੂੰ ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਅਤੇ 10 ਨਵੰਬਰ ਨੂੰ ਡੇਰਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤਰ੍ਹਾਂ ਨਿਡਰ ਅਪਰਾਧੀ ਅਨਸਰਾਂ ਨੇ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ, ਉਹ ਸਰਕਾਰ ਦੀ ਕਾਨੂੰਨ ਵਿਵਸਥਾ ਉੱਪਰ ਵੱਡਾ ਪ੍ਰਸ਼ਨਚਿੰਨ੍ਹ ਹੈ। ਕੀ ਸਰਕਾਰ ਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਲੋਕਾਂ ਦੀ ਹਥਿਆਰਾਂ ਤੱਕ ਪਹੁੰਚ ਕਿਵੇਂ ਆਸਾਨ ਹੋ ਰਹੀ ਹੈ? ਆਖ਼ਰ ਰਾਜ ਪੁਲਿਸ ਦੀ ਸੂਚਨਾ ਪ੍ਰਣਾਲੀ ਕੀ ਕਰ ਰਹੀ ਹੈ? ਖੁਫੀਆ ਏਜੰਸੀਆਂ ਕੀ ਕਰ ਰਹੀਆਂ ਹਨ? ਦੂਜੇ ਰਾਜਾਂ ਦੇ ਮੁਕਾਬਲੇ ਪੰਜਾਬ ਕਈ ਪੱਖਾਂ ਤੋਂ ਬਹੁਤ ਜ਼ਿਆਦਾ ਸੰਵੇਦਨਸ਼ੀਲ ਸੂਬਾ ਹੈ। ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰੋਂ ਤਸਕਰੀ ਕੋਈ ਲੁਕੀ ਨਹੀਂ ਹੈ। ਹੁਣ ਇੱਥੇ ਪਾਕਿਸਤਾਨ ਵਾਲੇ ਪਾਸੇ ਤੋਂ ਹਥਿਆਰ ਭੇਜਣ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਅਜਿਹੀ ਸਥਿਤੀ ਵਿੱਚ ਸਖ਼ਤ ਸੁਰੱਖਿਆ ਦੀ ਲੋੜ ਹੈ। ਭਾਵੇਂ ਪੰਜਾਬ ਵਿੱਚ ਸਰਹੱਦੀ ਇਲਾਕਿਆਂ ਵਿੱਚ ਸੀਮਾ ਸੁਰੱਖਿਆ ਬਲ ਅਤੇ ਫੌਜ ਵੀ ਤਾਇਨਾਤ ਹੈ ਪਰ ਸੂਬਾ ਪੁਲਿਸ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ। ਜ਼ਾਹਿਰ ਹੈ ਕਿ ਪੁਲਿਸ ਤੰਤਰ ਨੂੰ ਹਰ ਪੱਧਰ 'ਤੇ ਮਜ਼ਬੂਤ ਕਰਨ ਦੀ ਲੋੜ ਹੈ। ਜਿਸ ਤਰ੍ਹਾਂ ਪੁਲਿਸ ਤੰਤਰ ਆਪਣੀ ਕਾਰਜਸ਼ੈਲੀ ਅਤੇ ਸੱਭਿਆਚਾਰ ਲਈ ਜਾਣਿਆ ਜਾਂਦਾ ਰਿਹਾ ਹੈ, ਉਸ ਤੋਂ ਲੱਗਦਾ ਨਹੀਂ ਕਿ ਅਪਰਾਧੀ ਅਨਸਰਾਂ ਨੂੰ ਆਸਾਨੀ ਨਾਲ ਕਾਬੂ ਕਰ ਲਿਆ ਜਾਵੇਗਾ। ਕੌਣ ਨਹੀਂ ਜਾਣਦਾ ਕਿ ਹਥਿਆਰਾਂ ਦੇ ਲਾਇਸੈਂਸ ਕਿਵੇਂ ਦਿੱਤੇ ਜਾਂਦੇ ਹਨ ਅਤੇ ਹਥਿਆਰਾਂ ਦਾ ਕਾਰੋਬਾਰ ਕਿਸ ਤਰ੍ਹਾਂ ਬਾਜ਼ਾਰ ਵਿੱਚ ਲੁਕ-ਛਿਪ ਕੇ ਚੱਲ ਰਿਹਾ ਹੈ। ਕੀ ਇਹ ਸਭ ਸਥਾਨਕ ਪੁਲਿਸ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਹੈ? ਵੱਡੀ ਸਮੱਸਿਆ ਇਹ ਹੈ ਕਿ ਧਰਮ ਦੇ ਨਾਂ ਉੱਪਰ ਅੱਗ ਉਗਲਣ ਵਾਲੇ ਤੱਤ ਪੰਜਾਬ ਵਿੱਚ ਮੁੜ ਸਰਗਰਮ ਹਨ। ਕਿਸੇ ਵੀ ਧਰਮ ਦੇ ਖ਼ਿਲਾਫ ਬੋਲਣ ਵਾਲੇ ਨੂੰ ਸਰਕਾਰੀ ਗੰਨਮੈਨ ਮਿਲਣੇ ਬੰਦ ਹੋਣੇ ਚਾਹੀਦੇ ਹਨ।ਅਪਰਾਧਿਕ ਗਤੀਵਿਧੀਆਂ ਲਾਇਸੈਂਸੀ ਹਥਿਆਰਾਂ ਨਾਲ ਨਹੀਂ ਹੁੰਦੀਆਂ,ਲਾਇਸੈਂਸੀ ਹਥਿਆਰ ਤਾਂ ਸਵੈ ਰੱਖਿਆ ਲਈ ਹੁੰਦੇ ਹਨ ਜੇਕਰ ਕਿਧਰੇ ਲਾਇਸੈਂਸੀ ਹਥਿਆਰ ਨਾਲ ਵਾਰਦਾਤ ਹੁੰਦੀ ਹੈ ਤਾਂ ਉਸਦੀ ਨਿਸ਼ਾਨਦੇਹੀ ਵੀ ਅਸਾਨੀ ਨਾਲ ਹੋ ਸਕਦੀ ਹੈ। ਇਸ ਲਈ ਲੋੜ ਤਾਂ ਇਹ ਹੈ ਕਿ ਗੈਰ ਕਾਨੂੰਨੀ ਹਥਿਆਰਾਂ ਉੱਪਰ ਸਿਕੰਜਾ ਕੱਸਿਆ ਜਾਵੇ। ਨਸ਼ਿਆਂ ਦਾ ਕਾਰੋਬਾਰ ਜ਼ੋਰਾਂ 'ਤੇ ਹੈ। 15 ਤੋਂ 25 ਸਾਲ ਦੀ ਉਮਰ ਦੇ ਅੱਲੜ ਉਮਰਿਆਂ ਤੋਂ ਨਸ਼ੇ ਦੀ ਆੜ ਹੇਠ ਅਪਰਾਧਿਕਤ ਕਾਰਵਾਈਆਂ ਕਰਵਾਈਆ ਜਾ ਰਹੀਆਂ ਹਨ ਜਾਂ ਹੋ ਰਹੀਆਂ ਹਨ। ਅਜਿਹੇ 'ਚ ਜੇਕਰ ਸਰਕਾਰ ਪੂਰੀ ਤਰ੍ਹਾਂ ਚੌਕਸ ਨਾ ਹੋਈ ਤਾਂ ਸਥਿੱਤੀ ਇਸ ਤੋਂ ਵੀ ਬਦਤਰ ਹੋਣ 'ਚ ਦੇਰ ਨਹੀਂ ਲੱਗੇਗਾ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਪੰਜਾਬ ਨੂੰ ਹਾਕਮਾਂ ਨੇ ਬਣਾਇਆ ਸਿਆਸੀ ਖਿਡੌਣਾ



ਗੁਰਮੀਤ ਸਿੰਘ ਪਲਾਹੀ
9815802070

**ਪੰਜਾਬ ਦੀਆਂ ਸਮੱਸਿਆਵਾਂ, ਮਸਲਿਆਂ ਦਾ ਕੋਈ ਹੱਲ ਹੀ ਨਹੀਂ ਨਿਕਲ ਰਿਹਾ ਜਾਂ ਕਹੀਏ ਜਾਣ ਬੁਝਕੇ ਹੱਲ ਕੱਢਿਆ ਨਹੀਂ ਜਾ ਰਿਹਾ ਹੈ । ਜਿਹਨਾ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ, ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਤਹਿਤ, ਉਸ ਮਸਲੇ ਨੂੰ ਕੇਂਦਰ ਵਲੋਂ ਉਲਝਾਕੇ ਰੱਖ ਦਿੱਤਾ ਗਿਆ ਹੈ । ਰੇਤ, ਬਜ਼ਰੀ, ਨਸ਼ਾ, ਜ਼ਮੀਨ ਮਾਫੀਏ ਨੇ ਪੰਜਾਬ ਦਾ ਮਾਹੌਲ ਇੰਨਾ ਵਿਗਾੜ ਦਿੱਤਾ ਹੋਇਆ ਹੈ ਕਿ ਪੁਲਿਸ ਪ੍ਰਸ਼ਾਸ਼ਨ, ਹਾਕਮ, ਸਿਆਸੀ ਧਿਰਾਂ ਉਹਨਾ ਅੱਗੇ ਜਿਵੇਂ ਗੋਡੇ ਟੇਕੀ ਬੈਠੀਆਂ ਹਨ । ਗੈਂਗਵਾਰ, ਜੇਲ੍ਹਾਂ 'ਚ ਨਸ਼ੇ ਸੁਪਾਰੀ ਕਤਲ, ਸੜਕਾਂ ਉਤੇ ਗੁੰਡਿਆਂ ਦਾ ਭੈਅ, ਥਾਣਿਆਂ 'ਚ ਨਸ਼ੱਈਆਂ, ਚੋਰੀ ਕਰਨ ਵਾਲਿਆਂ ਦੀ ਭਰਮਾਰ ਅਤੇ ਉਪਰੋਂ ਥਾਣਿਆਂ 'ਚ ਪੁਲਿਸ ਨਫ਼ਰੀ ਦੀ ਕਮੀ ਇਸ ਸਥਿਤੀ ਨੂੰ ਸਾਂਭਣ ਲਈ ਅਸਮਰਥ ਜਾਪਦੀ ਹੈ । ਵੱਡੇ-ਵੱਡੇ ਐਲਾਨਾਂ ਤੋਂ ਬਿਨ੍ਹਾਂ ਆਖ਼ਰ, ਹਾਕਮ ਧਿਰਾਂ ਚਾਹੇ ਉਹ ਉਪਰਾਲੇ ਭਾਜਪਾ ਵਾਲੇ ਹਨ ਜਾਂ ਹੇਠਲੇ 'ਆਪ' ਵਾਲੇ, ਜਿਹੜੇ ਇਕੋ ਸਿੱਕੇ ਦੇ ਦੋਵੇਂ ਪਾਸੇ ਹਨ, ਕੀ ਕਰ ਰਹੇ ਹਨ ?**

ਪੰਜਾਬ, ਹਿਮਾਚਲ ਹੋਇਆ ਪਿਆ ਹੈ। ਪੰਜਾਬ, ਗੁਜਰਾਤ ਹੋਇਆ ਪਿਆ ਹੈ।ਪੰਜਾਬ ਦੇ ਹਾਕਮ, ਵਹੀਰਾਂ ਘੱਤੀ ਹਿਮਾਚਲ, ਗੁਜਰਾਤ ਦਾ ਗੇੜੇ ਤੇ ਗੇੜਾ ਲਾ ਰਹੇ ਹਨ। ਕਈ ਤਾਂ ਹਿਮਾਚਲ, ਗੁਜਰਾਤ 'ਚ ਡੇਰੇ ਜਮਾਈ ਬੈਠੇ ਹਨ। ਪੰਜਾਬ ਦਾ 'ਆਪ', ਪੰਜਾਬ ਦੀ 'ਭਾਜਪਾ', ਪੰਜਾਬ ਦੀ 'ਕਾਂਗਰਸ' ਦੇ ਥੱਲਿਉਂ, ਉਪਰਲੇ ਨੇਤਾ ਹਿਮਾਚਲ, ਗੁਜਰਾਤ ਦੇ ਪਿੰਡਾਂ, ਸ਼ਹਿਰਾਂ, 'ਚ ਹਲਚਲੀ ਮਚਾਈ ਬੈਠੇ ਹਨ।

ਰਾਸ਼ਟਰੀ ਅਖ਼ਬਾਰ ਖ਼ਾਸ ਕਰਕੇ ਹਿਮਾਚਲ ਅਤੇ ਗੁਜਰਾਤ ਦੇ, ਪੰਜਾਬ ਦੇ ਇਸ਼ਤਿਹਾਰਾਂ ਨਾਲ ਭਰੇ ਪਏ ਹਨ।ਖਜ਼ਾਨਾ ਪੰਜਾਬ ਦਾ, ਵੋਟਾਂ ਹਾਕਮਾਂ ਦੀਆਂ, ਕਿਧਰ ਦਾ ਇਨਸਾਫ਼ ਹੈ ਇਹ ਪੰਜਾਬੀਆਂ ਨਾਲ?

ਗੁਆਂਢੀ ਸੂਬੇ ਹਿਮਾਚਲ 'ਚ ਅਸਬੰਲੀ ਵੋਟਾਂ 12 ਨਵੰਬਰ 2022 ਤੋਂ 8 ਦਸੰਬਰ 2022 ਤੱਕ ਅਤੇ ਗੁਜਰਾਤ ਵਿੱਚ ਪਹਿਲੀ ਤੋਂ 5 ਦਸੰਬਰ 2022 ਨੂੰ ਹਨ, ਨਤੀਜੇ 8 ਦਸੰਬਰ 2022 ਨੂੰ ਹੋਣਗੇ।ਉਦੋਂ ਤੱਕ ਪੰਜਾਬ ਦੇ ਨੇਤਾਵਾਂ ਨੂੰ ਸਾਹ ਕਿਥੋਂ? ਪੰਜਾਬ 'ਚ ਕਤਲ ਹੋ ਰਹੇ ਹਨ, ਪੰਜਾਬ ਦਾ ਮਾਹੌਲ ਖ਼ਰਾਬ ਹੋ ਰਿਹਾ ਹੈ ਤਾਂ ਉਹਨਾ ਨੂੰ ਕੀ? ਉਹਨਾ ਤਾਂ ਵੋਟਾਂ ਬਟੋਰਨੀਆਂ ਹਨ। ਵੇਖੋ, ਚੋਣ ਸਮੇਂ 'ਚ ਘਟਨਾਵਾਂ ਕਿਵੇਂ ਵਾਪਰ ਰਹੀਆਂ ਹਨ ? ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹਿਮਾਚਲ 'ਚ ਚੋਣ ਮੁਹਿੰਮ ਦੌਰਾਨ ਰੈਲੀ ਛੱਡਕੇ ਵਾਪਿਸ ਆਉਣਾ ਪਿਆ। ਪੰਜਾਬ ਦੇ ਬੇਰੁਜ਼ਗਾਰਾਂ ਨੇ ਉਹਨਾ ਦਾ ਤਿੱਖਾ ਵਿਰੋਧ ਕੀਤਾ।

ਅਸਲ 'ਚ ਦਿੱਲੀ ਤੋਂ ਬਾਅਦ ਪੰਜਾਬ ਨੂੰ ਆਪ ਦਾ ਆਦਰਸ਼ ਰਾਜ ਬਣਿਆ ਪੇਸ਼ ਕਰਕੇ ਕੇਜਰੀਵਾਲ ਦੀ "ਆਪ" ਹਿਮਾਚਲ, ਗੁਜਰਾਤ, ਹਰਾਉਣ ਦੇ ਚੱਕਰ 'ਚ ਹੈ। ਉਥੇ ਪ੍ਰਚਾਰ ਹੋ ਰਿਹਾ ਹੈ ਕਿ ਪੰਜਾਬ 'ਚ ਬਿਜਲੀ ਮੁਫ਼ਤ ਹੈ, 20,000 ਨੌਕਰੀਆਂ ਨੌਜਵਾਨਾਂ ਨੂੰ ਦਿੱਤੀਆਂ ਗਈਆਂ ਹਨ, ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ। ਸਾਸ਼ਨ ਚੁਸਤ-ਫੁਰਤ, ਦਰੁਸਤ ਕਰ ਦਿੱਤਾ ਗਿਆ ਹੈ।

ਪੰਜਾਬ 'ਚ ਜ਼ਮੀਨੀ ਹਕੀਕਤ ਕੁਝ ਹੋਰ ਹੈ, ਰਿਸ਼ਵਤ ਦੇ ਰੇਟ ਵਧੇ ਹਨ, ਮਾਫੀਆ ਤੇਜ਼ ਹੋਇਆ ਹੈ, ਰੇਤ ਦੇ ਭਾਅ ਅਸਮਾਨੀ ਚੜ੍ਹੇ ਹਨ, ਖੁਦਕੁਸ਼ੀਆਂ ਖ਼ਾਸ ਕਰਕੇ ਕਿਸਾਨਾਂ ਦੀਆਂ ਰੁਕੀਆਂ ਨਹੀਂ, ਮਹਿੰਗਾਈ 'ਚ ਕੋਈ ਘਾਟ ਨਹੀਂ। ਨੌਜਵਾਨ ਪੰਜਾਬ ਛੱਡਕੇ ਉਸੇ ਰਫ਼ਤਾਰ ਨਾਲ ਵਿਦੇਸ਼ਾਂ ਵੱਲ ਭੱਜ ਰਹੇ ਹਨ। ਪੰਜਾਬ 'ਚ ਕਾਨੂੰਨ ਵਿਵਸਥਾ ਕਾਬੂ 'ਚ ਨਹੀਂ। ਪੰਜਾਬ ਦੀ ਅਫ਼ਸਰਸ਼ਾਹੀ ਪੰਜਾਬ ਦਾ ਰਾਜ ਭਾਗ ਚਲਾਉਣ ਲਈ ਦੋਚਿਤੀ 'ਚ ਜਾਪਦੀ ਹੈ।

ਪੰਜਾਬ 'ਚ ਇੱਕ ਉੱਘੇ ਗਾਇਕ ਦਾ ਕਤਲ ਹੋਇਆ। ਪੰਜਾਬ ਦੇ ਨੌਜਵਾਨਾਂ ਦਾ ਕੁਝ ਹਿੱਸਾ ਬੁਰੀ ਤਰ੍ਹਾਂ ਝੁਜਲਾਇਆ। ਅੰਮ੍ਰਿਤਸਰ 'ਚ ਹੁਣੇ ਜਿਹੇ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦਾ ਕਤਲ ਕਰ ਦਿੱਤਾ ਗਿਆ। ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਮਾਹੌਲ ਗਰਮਾਇਆ ਹੋਇਆ ਹੈ। ਪੰਜਾਬ ਦੇ ਲੋਕ ਪ੍ਰੇਸ਼ਾਨ ਹੋਏ ਬੈਠੇ ਹਨ। ਪੰਜਾਬ ਦੇ ਮਸਾਂ ਮਸਾਂ ਭਰੇ ਜ਼ਖ਼ਮ ਮੁੜ ਉੱਚੜਨ ਦਾ ਖਦਸ਼ਾ ਪੈਦਾ ਹੋਇਆ ਹੈ। ਪੰਜਾਬ ਦਾ ਮਾਹੌਲ ਉਤੇਜਿਤ ਕਰਨ ਲਈ ਪਹਿਲਾ ਈਸਾਈ ਭਾਈਚਾਰੇ ਨਾਲ ਟੱਕਰ ਦਾ ਯਤਨ ਹੋਇਆ ਹੈ, ਹੁਣ ਸ਼ਿਵ ਸੈਨਾ ਨਾਲ ਰਿਸ਼ਤੇ ਤਣਾਅ ਵਾਲੇ ਬਣ ਰਹੇ ਹਨ। ਇਸੇ ਵਿਚਕਾਰ ਇੱਕ ਘਟਨਾ ਦੁਆਬੇ ਦੇ ਇੱਕ ਪਿੰਡ 'ਚ ਵਾਪਰੀ ਹੈ, ਪ੍ਰਵਾਸੀ ਮਜ਼ਦੂਰਾਂ ਵਲੋਂ ਪੰਜਾਬ ਦੇ ਕਿਸਾਨ ਦੀ ਮਾਰ ਕੁਟਾਈ ਅਤੇ ਮੰਡੀ 'ਚ ਹੁਲੜਬਾਜੀ ਹੋਈ ਹੈ। ਜਿਸ ਨੇ ਵੱਡੇ ਸਵਾਲ ਖੜੇ ਕੀਤੇ ਹਨ। ਉਹ ਕਿਸਾਨ ਜਿਹੜੇ ਉਡੀਕਦੇ ਸਨ ਕਿ ਕਦੋਂ ਸਟੇਸ਼ਨਾਂ 'ਤੇ ਆਪਣੇ ਦੇਸੋਂ ਪ੍ਰਵਾਸੀ ਪੁੱਜਣ, ਉਹ ਉਹਨਾ ਤੋਂ ਖੇਤਾਂ 'ਚ ਕੰਮ ਕਰਵਾਉਣ ਲਈ ਲਿਆਉਣ। ਅਜੀਬ ਕਿਸਮ ਦੀ ਰਿਸ਼ਤਿਆਂ ਦੀ ਤੋੜ ਭੰਨ ਹੁਣ ਦਿਖਾਈ ਦੇਣ ਲੱਗ ਪਈ ਹੈ। ਪੰਜਾਬ ਦਾ ਵੱਡਾ ਹਿੱਸਾ ਪ੍ਰਵਾਸ ਦੇ ਰਾਹ 'ਤੇ ਹੈ ਤੇ ਉਹਨਾ ਦੀ ਥਾਂ ਦੇਸੀ ਪ੍ਰਵਾਸੀ ਮਜ਼ਦੂਰ ਆ ਰਹੇ ਹਨ, ਪੰਜਾਬ ਨੂੰ ਭਰ ਰਹੇ ਹਨ, ਪੰਜਾਬ ਦਾ ਕਾਰੋਬਾਰ, ਪੰਜਾਬ ਦੇ ਤਕਨੀਕੀ ਕੰਮਕਾਰ, ਮਜ਼ਦੂਰੀ ਉਹਨਾ ਦੇ ਕਾਬੂ 'ਚ ਹਨ। ਇਥੋਂ ਤੱਕ ਕਿ ਵਿਦਿਅਕ ਅਦਾਰਿਆਂ 'ਚ ਉਹਨਾ ਦੀ ਭਰਮਾਰ ਹੈ। ਪੰਜਾਬ 'ਚ ਸਭਿਆਚਾਰ ਸੰਕਟ ਵਧਦਾ ਜਾ ਰਿਹਾ ਹੈ। ਉਪਰੋਕਤ ਘਟਨਾਵਾਂ ਦੇ ਪਿੱਛੇ ਦਿੱਲੀ ਦੇ ਹਾਕਮਾਂ ਦਾ ਸਿੱਧਾ, ਅਸਿੱਧਾ ਦਖ਼ਲ ਹੈ, ਜਿਹੜੇ ਪੰਜਾਬ ਨੂੰ ਹਰ ਹੀਲੇ ਆਪਣੇ ਪੰਜੇ 'ਚ ਲੈਣਾ ਚਾਹੁੰਦੇ ਹਨ।




ਪੰਜਾਬ 'ਚ ਬੀ.ਐਸ.ਐਫ. ਦਾ ਦਾਇਰਾ ਵਧਾਉਣਾ, ਗਵਰਨਰ ਪੰਜਾਬ ਵਲੋਂ ਯੂਨੀਵਰਸਿਟੀਆਂ ਦੇ ਮਾਮਲੇ 'ਚ ਸਿੱਧਾ ਦਖ਼ਲ ਦੇਣਾ ਅਤੇ ਗੈਰਜ਼ਰੂਰੀ ਤੌਰ 'ਤੇ ਸਰਹੱਦੀ ਜ਼ਿਲਿਆਂ ਦੇ ਦੌਰੇ ਕਰਨਾ, ਇਸੇ ਕੜੀ ਦਾ ਹਿੱਸਾ ਹੈ।

ਪੰਜਾਬ 'ਚ ਸਿੱਖ ਸੰਸਥਾਵਾਂ ਦੇ ਮਾਮਲਿਆਂ 'ਚ ਦਖ਼ਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲਿਆਂ 'ਚ ਅਸਿੱਧਾ ਦਖ਼ਲ ਵੀ ਕੀ ਇਸੇ ਦਿਸ਼ਾ 'ਚ ਅਗਲਾ ਕਦਮ ਨਹੀਂ ਹੈ ? ਸੁਖਦੇਵ ਸਿੰਘ ਢੀਂਡਸਾ ਵਰਗੇ ਸੀਨੀਅਰ ਨੇਤਾਵਾਂ ਦਾ ਅਕਾਲੀ ਦਲ (ਬਾਦਲ) ਤੋਂ ਵੱਖ ਹੋਣਾ, ਬੀਬੀ ਜਗੀਰ ਕੌਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨਾ ਅਤੇ ਪਿਛਿਓਂ ਉਪਰਲੇ, ਹੇਠਲੇ ਹਾਕਮਾਂ ਵਲੋਂ ਉਹਨਾ ਖਿਲਾਫ਼ ਲੜਨ ਲਈ ਸ਼ਹਿ ਦੇਣਾ, ਸ਼੍ਰੋਮਣੀ ਅਕਾਲੀ ਦਲ (ਬ), ਜਿਸ ਨਾਲ ਭਾਜਪਾ ਦੀ ਸਾਂਝ ਭਿਆਲੀ ਰਹੀ, ਪੰਜਾਬ 'ਚ ਇੱਕ ਹਫੜਾ-ਤਫੜੀ ਦਾ ਮਾਹੌਲ ਪੈਦਾ ਕਰਕੇ, 'ਆਪ' ਪੰਜਾਬ ਦੀ ਸੱਤਾ, ਸੰਭਾਲਣ ਲਈ, ਗਵਰਨਰੀ ਰਾਜ ਜਾਂ ਰਾਸ਼ਟਰਪਤੀ ਰਾਜ ਸਥਾਪਤ ਕਰਨ ਵਾਲੀਆਂ ਸਥਿਤੀਆਂ ਪੈਦਾ ਕਰਨ ਦਾ ਯਤਨ ਹੈ। ਪਿਛਲੇ ਸਮੇਂ 'ਚ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਦੇ ਧੁਰੰਤਰ ਨੇਤਾਵਾਂ ਦੀ ਭਾਜਪਾ 'ਚ ਇੰਟਰੀ ਅਤੇ ਅਮਿਤ ਸ਼ਾਹ ਅਤੇ ਨਰੇਂਦਰ ਮੋਦੀ ਦੇ ਪੰਜਾਬ ਦੇ ਦੌਰੇ ਇਹੀ ਸੰਕੇਤ ਦਿੰਦੇ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਸਿਰਫ਼ ਤੇ ਸਿਰਫ਼ ਪੰਜਾਬ ਨੂੰ ਨਿਸ਼ਾਨਾ ਬਣਾਕੇ ਇਥੋਂ ਦਾ ਮਾਹੌਲ ਖਰਾਬ ਕਰਕੇ, ਇਥੋਂ '47, '84, ਸਿਰਜਨ ਦੀਆਂ ਕੋਸ਼ਿਸ਼ਾਂ ਕਿਉਂ ਹੋ ਰਹੀਆਂ ਹਨ। ਇਹਨਾ ਘਟਨਾਵਾਂ ਨੇ ਪੰਜਾਬੀਆਂ ਨੂੰ ਪਹਿਲਾਂ ਹੀ ਪਿੰਜ ਸੁੱਟਿਆ ਹੈ। ਜਦੋਂ ਵੀ ਪੰਜਾਬੀ ਥਾਂ ਸਿਰ ਹੋਣ ਲੱਗਦੇ ਹਨ, ਉਹਨਾ ਨੂੰ ਕਿਸੇ ਸਾਜਿਸ਼ ਅਧੀਨ ਨੀਵਾਂ ਵਿਖਾਉਣ ਦਾ ਯਤਨ ਹੁੰਦਾ ਹੈ।

1947 'ਚ ਲੱਖਾਂ ਪੰਜਾਬੀ ਮਰੇ, 1984 'ਚ ਦਿੱਲੀ 'ਚ ਤਕਲੇਆਮ ਹੋਇਆ, ਇਹਨਾ ਸਾਲਾਂ 'ਚ ਹਜ਼ਾਰਾਂ ਨੌਜਵਾਨ ਪੁਲਿਸ ਤਸ਼ੱਦਦਾਂ ਦਾ ਸ਼ਿਕਾਰ ਹੋਏ। ਪ੍ਰਵਾਸ ਪੰਜਾਬੀ ਨੌਜਵਾਨ ਦੇ ਪੱਲੇ ਇਸ ਕਰਕੇ ਪਿਆ ਕਿ ਪੰਜਾਬ 'ਚ ਬੇਰੁਜ਼ਗਾਰੀ ਅੰਤਾਂ ਦੀ ਹੈ, ਅਮਨ ਕਾਨੂੰਨ ਦੀ ਸਥਿਤੀ ਮਾੜੀ ਹੈ, ਨਸ਼ਿਆਂ ਨੇ ਪੰਜਾਬੀ ਨੌਜਵਾਨ ਜਕੜੇ ਹੋਏ ਹਨ। ਪੰਜਾਬ ਕਰਜ਼ਾਈ ਹੈ। ਨਿੱਤ ਦਿਹਾੜੇ ਹਾਕਮਾਂ ਦੀ ਅਣਗਹਿਲੀ ਅਤੇ ਸਵਾਰਥੀ ਸੋਚ ਨਾਲ ਪੰਜਾਬ ਸਿਰ ਕਰਜ਼ਾ ਵੱਧ ਰਿਹਾ ਹੈ। ਪੰਜਾਬ ਦੀ ਆਰਥਿਕ ਹਾਲਤ ਮੰਦੀ ਹੋ ਰਹੀ ਹੈ। ਪੰਜਾਬ ਦੀਆਂ ਸਮੱਸਿਆਵਾਂ, ਮਸਲਿਆਂ ਦਾ ਕੋਈ ਹੱਲ ਹੀ ਨਹੀਂ ਨਿਕਲ ਰਿਹਾ ਜਾਂ ਕਹੀਏ ਜਾਣ ਬੁਝਕੇ ਹੱਲ ਕੱਢਿਆ ਨਹੀਂ ਜਾ ਰਿਹਾ ਹੈ। ਜਿਹਨਾ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ, ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਤਹਿਤ, ਉਸ ਮਸਲੇ ਨੂੰ ਕੇਂਦਰ ਵਲੋਂ ਉਲਝਾਕੇ ਰੱਖ ਦਿੱਤਾ ਗਿਆ ਹੈ। ਰੇਤ, ਬਜ਼ਰੀ, ਨਸ਼ਾ, ਜ਼ਮੀਨ ਮਾਫੀਏ ਨੇ ਪੰਜਾਬ ਦਾ ਮਾਹੌਲ ਇੰਨਾ ਵਿਗਾੜ ਦਿੱਤਾ ਹੋਇਆ ਹੈ ਕਿ ਪੁਲਿਸ ਪ੍ਰਸ਼ਾਸ਼ਨ, ਹਾਕਮ, ਸਿਆਸੀ ਧਿਰਾਂ ਉਹਨਾ ਅੱਗੇ ਜਿਵੇਂ ਗੋਡੇ ਟੇਕੀ ਬੈਠੀਆਂ ਹਨ। ਗੈਂਗਵਾਰ, ਜੇਲ੍ਹਾਂ 'ਚ ਨਸ਼ੇ ਸੁਪਾਰੀ ਕਤਲ, ਸੜਕਾਂ ਉਤੇ ਗੁੰਡਿਆਂ ਦਾ ਭੈਅ, ਥਾਣਿਆਂ 'ਚ ਨਸ਼ੱਈਆਂ, ਚੋਰੀ ਕਰਨ ਵਾਲਿਆਂ ਦੀ ਭਰਮਾਰ ਅਤੇ ਉਪਰੋਂ ਥਾਣਿਆਂ 'ਚ ਪੁਲਿਸ ਨਫ਼ਰੀ ਦੀ ਕਮੀ ਇਸ ਸਥਿਤੀ ਨੂੰ ਸਾਂਭਣ ਲਈ ਅਸਮਰਥ ਜਾਪਦੀ ਹੈ। ਵੱਡੇ-ਵੱਡੇ ਐਲਾਨਾਂ ਤੋਂ ਬਿਨ੍ਹਾਂ ਆਖ਼ਰ, ਹਾਕਮ ਧਿਰਾਂ ਚਾਹੇ ਉਹ ਉਪਰਾਲੇ ਭਾਜਪਾ ਵਾਲੇ ਹਨ ਜਾਂ ਹੇਠਲੇ 'ਆਪ' ਵਾਲੇ, ਜਿਹੜੇ ਇਕੋ ਸਿੱਕੇ ਦੇ ਦੋਵੇਂ ਪਾਸੇ ਹਨ, ਕੀ ਕਰ ਰਹੇ ਹਨ ? ਭੁੱਖ ਮਰੀ ਵਧ ਰਹੀ ਹੈ, ਮਹਿੰਗਾਈ ਵੱਧ ਰਹੀ ਹੈ, ਭ੍ਰਿਸ਼ਟਾਚਾਰ ਕਾਬੂ 'ਚ ਨਹੀਂ, ਪ੍ਰਸ਼ਾਸ਼ਨ ਚੁਸਤ-ਫੁਰਤ ਨਹੀਂ, ਸਿਰਫ਼ ਸਮਾਂ ਲੰਘਾਉਣ ਜਿਹਾ ਹੈ, ਤਾਂ ਆਖਰ ਇਹੋ ਜਿਹੀਆਂ ਹਾਲਤਾਂ 'ਚ ਪੰਜਾਬ ਦੇ ਲੋਕ "ਲੋਕ ਭਲੇ ਹਿੱਤ ਸਰਕਾਰਾਂ" ਦੇ ਸੰਕਲਪ ਦੀ ਆਸ ਕਿਸ ਤੋਂ ਰੱਖਣ?

ਪੰਜਾਬ ਦੇ ਆਮ ਲੋਕਾਂ ਦੇ ਹਾਲਾਤ ਸਮਝਣ ਦੀ ਲੋੜ ਹੈ। ਪੰਜਾਬ 'ਚ ਬੇਰੁਜ਼ਗਾਰੀ ਸਿਰੇ ਦੀ ਹੈ। ਉਹ ਪੰਜਾਬ ਦੇ ਲੋਕ ਜਿਹੜੇ ਦੇਸ਼ ਭਰ ਦੇ ਲੋਕਾਂ ਦਾ ਅਨਾਜ ਨਾਲ ਢਿੱਡ ਭਰਦੇ ਸਨ ਤੇ ਹਨ, ਅੱਜ ਖੁਦਕੁਸ਼ੀਆਂ ਦੇ ਰਾਹ ਤੇ ਹਨ ਅਤੇ ਵੱਡੀ ਗਿਣਤੀ ਪੰਜਾਬੀ ਹਰ ਮਹੀਨੇ ਮਿਲਦੇ ਇੱਕ ਰੁਪਏ ਕਿਲੋ ਵਾਲੇ ਅਨਾਜ ਨੂੰ ਤੀਬਰਤਾ ਨਾਲ ਉਡੀਕਦੇ ਹਨ, ਜੋ ਉਹਨਾ ਦੀ ਆਰਥਿਕ ਹਾਲਤ ਦਾ 'ਚਿੱਟਾ ਸਬੂਤ" ਹੈ। ਚੰਗੇ ਰਜਦੇ-ਪੁੱਜਦੇ ਘਰਾਂ ਦੇ ਲੋਕਾਂ ਨੀਲੇ ਕਾਰਡ ਬਣਵਾਏ ਹੋਏ ਹਨ। ਦਾਨ ਲੈਣ ਵਾਲੇ ਲੋਕ ਕੀ ਮੁਫ਼ਤ ਖੋਰੇ ਨਹੀਂ ਬਣ ਰਹੇ ? ਹਾਲਾਤ ਹੀ ਹਾਕਮਾਂ ਇਹੋ ਜਿਹਾ ਪੈਦਾ ਕਰ ਦਿੱਤੇ ਹਨ ਜਾਂ ਲੋਕਾਂ ਦੀ ਆਰਥਿਕ ਹਾਲਤ ਹੀ ਇਹੋ ਜਿਹੀ ਕਰ ਦਿੱਤੀ ਗਈ ਹੈ ਕਿ ਜ਼ਮੀਨਾਂ ਵਾਲੇ, ਘੱਟ ਜ਼ਮੀਨਾਂ ਵਾਲੇ ਲੋਕ ਵੀ ਸਹੂਲਤਾਂ ਲੈਣ ਲਈ ਆਪਣੀ ਜ਼ਮੀਰ ਮਾਰ ਲੈਂਦੇ ਹਨ। ਖ਼ਬਰਾਂ ਇਹੋ ਜਿਹੀਆਂ ਵੀ ਹਨ ਕਿ ਮਰਿਆਂ ਬੰਦਿਆਂ, ਬਜ਼ੁਰਗਾਂ ਦੇ ਨਾਮ ਉਤੇ ਪੈਨਸ਼ਨਾਂ ਜਾਰੀ ਹੁੰਦੀਆਂ ਹਨ, ਜੋ ਮਿਲੀ ਭੁਗਤ ਨਾਲ ਪਰਿਵਾਰਾਂ ਵਾਲੇ ਹਜ਼ਮ ਕਰੀ ਜਾਂਦੇ ਹਨ। ਇਹ ਅਣਖੀਲੇ ਪੰਜਾਬੀਆਂ ਦੀ ਕਿਹੋ ਜਿਹੀ ਵਿਡੰਬਨਾ ਹੈ ?

ਸਾਡੀਆਂ ਸਰਕਾਰਾਂ ਨੇ ਦੇਸ਼ ਦੀ ਅਰਥ ਵਿਵਸਥਾ ਦੀਆਂ ਗੁਲਾਬੀ ਤਸਵੀਰਾਂ ਪੇਸ਼ ਕੀਤੀਆਂ ਹਨ ਅਤੇ ਇਸੇ ਦੌਰ 'ਚ ਮਹਾਂਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਪੰਜਾਬ, ਉਤਰਪ੍ਰਦੇਸ਼ ਜਿਹੇ ਰਾਜਾਂ 'ਚ ਕਰਜ਼ੇ ਦੀ ਮਾਰ ਵਿੱਚ ਪ੍ਰੇਸ਼ਾਨ ਕਿਸਾਨਾਂ ਦੀ ਆਤਮ ਹੱਤਿਆ ਦਾ ਦੌਰ ਸ਼ੁਰੂ ਹੋਇਆ। ਇਛਾਵਾਂ ਅਤੇ ਉਮੀਦਾਂ ਤੇਜ਼ੀ ਨਾਲ ਵਧਣ ਦੀ ਪ੍ਰਵਿਰਤੀ ਨੇ ਪੰਜਾਬੀਆਂ 'ਚ ਖ਼ਾਸ ਤੌਰ 'ਤੇ ਆਤਮ ਹੱਤਿਆਵਾਂ ਵਧਾਈਆਂ ਹਨ। ਅਮੀਰ ਬਣਨ 'ਤੇ ਵਾਧੂ ਸੁਖ-ਸੁਵਿਧਾਵਾਂ ਪ੍ਰਾਪਤੀ ਦੀ ਹੋੜ ਨੇ ਪੰਜਾਬੀਆਂ ਨੂੰ ਬੈਚੇਨ ਕੀਤਾ, ਉਹਨਾ 'ਚ ਮਾਨਸਿਕ ਬੀਮਾਰੀਆਂ, ਪ੍ਰੇਸ਼ਾਨੀਆਂ 'ਚ ਵਾਧਾ ਹੋਇਆ ਹੈ। ਸਿੱਖਿਆ ਸਹੂਲਤਾਂ, ਸਿਹਤ ਸਹੂਲਤਾਂ, ਵਾਤਾਵਰਨ ਦੇ ਪੱਖੋਂ ਅਤੇ ਆਰਥਿਕ ਵਿਕਸ ਦੇ ਪੱਖੋਂ ਭਾਰਤ 'ਚ ਪਹਿਲੇ ਦਰਜ਼ੇ ਤੇ ਮੋਹਰੀ ਰਹਿਣ ਵਾਲਾ ਪੰਜਾਬ ਕਈ ਪੌੜੀਆਂ ਹੇਠ ਖਿਸਕ ਗਿਆ ਹੈ। ਸਰਕਾਰਾਂ ਚੁੱਪ ਚਾਪ ਵੇਖਦੀਆਂ ਰਹੀਆਂ ਤੇ ਪੰਜਾਬੀ ਉਪਰਾਮ ਹੁੰਦੇ ਰਹੇ ਹਨ।

ਸਰਕਾਰਾਂ ਸਦਾ ਹਕੀਕਤ ਲਕੋਂਦੀਆਂ ਹਨ। ਜਾਣ ਬੁਝਕੇ ਬੇਰੁਜ਼ਗਾਰੀ, ਗਰੀਬੀ, ਭੁੱਖ ਦੇ ਅੰਕੜੇ ਸਹੀ ਤੌਰ 'ਤੇ ਪੇਸ਼ ਨਹੀਂ ਕੀਤੇ ਜਾਂਦੇ। ਪੰਜਾਬ 'ਚ ਵੀ ਇਹ ਵਰਤਾਰਾ ਲਗਾਤਾਰ ਜਾਰੀ ਹੈ। ਸਰਕਾਰੀ ਰਿਪੋਰਟਾਂ 'ਚ ਸਰਕਾਰਾਂ ਆਪਣੀ ਪਿੱਠ 'ਤੇ ਥਾਪੀ ਮਾਰਦੀਆਂ ਹਨ ਅਤੇ ਲੋਕਾਂ ਲਈ ਬਹੁਤ ਕੁਝ ਕਰਨ ਦਾ ਦਾਅਵਾ ਕਰਦੀਆਂ ਹਨ। ਪਰ ਪੰਜਾਬ 'ਚ ਇਸ ਵੇਲੇ ਖੋਖਲਾਪਨ ਵਧਿਆ ਹੈ। ਇਸ ਖੋਖਲੇਪਨ ਦੇ ਵਧਣ ਦਾ ਕਾਰਨ ਸਿੱਧੇ ਤੌਰ 'ਤੇ ਹਾਕਮ ਧਿਰ ਹੈ, ਜੋ ਵਾਅਦਾ ਕਰਦੀ ਹੈ , ਪਰ ਵਾਅਦਿਆਂ ਨੂੰ ਵਫ਼ਾ ਨਹੀਂ ਕਰਦੀ । ਕਾਂਗਰਸ ਨੇ ਵੱਡੇ ਵਾਇਦੇ ਕੀਤੇ, ਅਕਾਲੀ ਦਲ-ਭਾਜਪਾ ਨੇ ਪੰਜਾਬ ਦੇ ਵਿਕਾਸ ਦੇ ਕਸੀਦੇ ਪੜ੍ਹੇ, ਮੌਜੂਦਾ ਹਾਕਮ ਪੰਜਾਬ ਦੀ ਕਾਇਆ ਕਲਪ ਕਰਨ ਦਾ ਦਾਅਵਾ ਕਰਦੇ ਹਨ, " ਜੋ ਕਿਹਾ ਉਹ ਕੀਤਾ " ਪਰ ਕੀ ਕੀਤਾ ? ਜ਼ਮੀਨੀ ਹਕੀਕਤ ਕੀ ਹੈ ? ਅਸਲ ਵਿੱਚ ਤਾਂ ਸਮੇਂ-ਸਮੇਂ ਤੇ ਪੰਜਾਬ 'ਤੇ ਰਾਜ ਕਰਦੇ ਹਾਕਮਾਂ ਨੇ ਇਸ ਨੂੰ ਸਿਆਸੀ ਖਿਡੌਣੇ ਦੀ ਤਰ੍ਹਾਂ ਵਰਤਿਆ, ਭਾਵੇਂ ਉਹ 1984 ਦੇ ਦੌਰ 'ਚ ਆਤੰਕਵਾਦ ਦਾ ਨਾਹਰਾ ਦੇ ਕੇ ਕਾਂਗਰਸ ਵਲੋਂ ਸੱਤਾ ਪ੍ਰਾਪਤੀ ਸੀ, ਅਕਾਲੀ ਦਲ (ਬ) ਵਲੋਂ ਖੇਤਰੀਵਾਦ ਅਤੇ ਰਾਜ ਦੇ ਵੱਧ ਅਧਿਕਾਰ ਪ੍ਰਾਪਤ ਕਰਨ ਦੇ ਨਾ ਉਤੇ ਸੱਤਾ ਹਥਿਆਉਣਾ ਸੀ ਜਾਂ 'ਆਪ' ਵਲੋਂ ਪੰਜਾਬ 'ਚ ਰਿਵਾਇਤੀ ਪਾਰਟੀਆਂ ਨੂੰ ਠਿੱਬੀ ਲਾ ਕੇ ਤਾਕਤ ਹਥਿਆਉਣਾ ਸੀ ਜਾਂ ਫਿਰ ਪੰਜਾਬ 'ਚ ਤਰੱਕੀ ,ਵਿਕਾਸ, ਭ੍ਰਿਸ਼ਟਾਚਾਰ ਸਮਾਪਤੀ, ਨੌਕਰੀਆਂ ਦੇਣ ਦਾ ਪ੍ਰਚਾਰ ਜਾਂ ਵੱਖ-ਵੱਖ ਸਹੂਲਤਾਂ ਦੇਣ ਦਾ ਪ੍ਰਚਾਰ ਕਰਕੇ ਆਪ ਵਲੋਂ ਹਿਮਾਚਲ, ਗੁਜਰਾਤ ਦੇ ਲੋਕਾਂ ਨੂੰ ਭਰਮਾਕੇ, 'ਰਾਜ ਤਾਕਤ' ਪ੍ਰਾਪਤ ਕਰਨਾ ਹੈ।

# ਬਰਤਾਨਵੀ ਹੁਕਮਰਾਨ ਰਿਸ਼ੀ ਬਰਾਸਤਾ ਹਿੰਦੁਸਤਾਨ



ਡਾ. ਦਰਸ਼ਨ ਸਿੰਘ ਹਰਵਿੰਦਰ

ਰਿਸ਼ੀ ਸੁਨਕ ਬਰਤਾਨੀਆਂ ਦਾ ਆਖਰ ਨਵਾਂ ਹੁਕਮਰਾਨ ਬਣ ਗਿਆ ਹੈ। ਉਹੀ ਬਰਤਾਨੀਆ ਜਿਸ ਨੇ ਸਾਡੇ ਹਿੰਦੁਸਤਾਨ 'ਤੇ ਤਕਰੀਬਨ ਦੋ ਸਦੀਆਂ ਤਕ ਰਾਜ ਕੀਤਾ। ਬਰਤਾਨੀਆਂ ਦੇ ਅਸੀਂ ਗੁਲਾਮ ਰਹੇ ਤੇ ਜਦ ਹਿੰਦੁਸਤਾਨ ਨੂੰ ਅਜ਼ਾਦ ਵੀ ਕੀਤਾ ਤਾਂ ਬਹੁਤ ਮਹਿੰਗੇ ਭਾਅ ਮੁਲਕ ਦੇ ਟੁਕੜੇ ਕਰਕੇ ਸਾਡੇ ਮੁਲਕ ਹਿੰਦੁਸਤਾਨ ਦੀ ਆਜ਼ਾਦੀ ਦੇ 75 ਵੇਂ ਸਾਲ 'ਤੇ ਇਸ ਤੋਂ ਵੱਡਾ ਦੀਵਾਲੀ ਤੋਹਫਾ ਰਿਸ਼ੀ ਵਰ ਦੀ ਬਦੌਲਤ ਹੋਰ ਕੀ ਮਿਲ ਸਕਦਾ ਸੀ। ਇਹ ਵੀ ਕੈਸਾ ਸਬੱਬ ਹੈ ਕਿ ਗੋਰਿਆਂ ਦੇ ਮੁਲਕ ਇਂਗਲੈਂਡ ਜਿਸ ਦੀ ਬਦੌਲਤ 1947 ਵਿਚ ਹਿੰਦੁਸਤਾਨ ਬੜੀ ਬੇਰਹਿਮੀ ਨਾਲ ਵੰਡਿਆ ਗਿਆ, ਸਭ ਤੋਂ ਵੱਧ ਉਜਾੜਾ ਪੰਜਾਬ ਤੇ ਬੰਗਾਲ ਦਾ ਹੋਇਆ। ਉਸੇ ਅਣਵੰਡੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ ਜਿਥੇ ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੀ ਰੂਹ ਅਮਰ ਹੈ, ਉਸੇ ਸ਼ਹਿਰ ਨਾਲ ਸਬੰਧਤ ਹਿੰਦੁਸਤਾਨੀ ਮੂਲ ਦਾ ਪੰਜਾਬੀਆਂ ਦਾ ਪੋਤਾ ਰਿਸ਼ੀ ਸੁਨਕ ਇਂਗਲੈਂਡ ਦਾ ਹੁਕਮਰਾਨ ਬਣਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਹਿੰਦੁਸਤਾਨ ਚੋਂ ਨਿਕਲੇ ਪਾਕਿਸਤਾਨ ਸਮੇਤ ਇਕ ਅਜੀਬ ਜਿਹੀ ਸੰਤੁਸ਼ਟੀ ਦੀ ਲਹਿਰ ਹੈ ਜਿਵੇਂ ਸਾਡੇ ਪੁਰਾਣੇ ਹਿੰਦੁਸਤਾਨ ਨੇ ਆਪਣੀ ਗੁਲਾਮੀ ਦਾ ਬਦਲਾ ਲੈ ਲਿਆ ਹੋਵੇ ਤੇ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਜੱਦੀ ਸ਼ਹਿਰ ਗੁੱਜਰਾਂਵਾਲਾ ਬੇਸ਼ਕ ਹੁਣ ਉਹ ਪਾਕਿਸਤਾਨ ਵਿਚਲੇ ਪੰਜਾਬ ਹਿੱਸੇ ਆਇਆ ਹੈ, ਦਾ ਮਾਣ ਰਿਸ਼ੀ ਸੁਨਕ ਸ਼ੇਰੇ ਪੰਜਾਬ ਦੇ ਕੋਹਿਨੂਰ ਨੂੰ ਪਹਿਨਣ ਵਾਲਿਆਂ ਦੀ ਅੱਖ 'ਚ ਅੱਖ ਪਾ ਕੇ ਗੱਲ ਕਰ ਸਕੇਗਾ। ਰਿਸ਼ੀ ਬੇਸ਼ਕ ਹਿੰਦੁਸਤਾਨੀ ਨਾ ਹੋ ਕੇ ਹੁਣ ਬਰਤਾਨਵੀ ਨਾਗਰਿਕ ਹੈ ਪਰ ਰਗਾਂ 'ਚ ਦੌੜਦੇ ਆਪਣੇ ਪੁਰਖਿਆਂ ਦੇ ਹਿੰਦੁਸਤਾਨੀ ਖ਼ੂਨ ਕਾਰਨ ਉਹਨਾਂ ਦਾ ਰੋਮ-ਰੋਮ ਹਿੰਦੁਸਤਾਨੀ ਖਾਸ ਤੌਰ 'ਤੇ ਪੰਜਾਬੀ ਸੱਭਿਆਚਾਰ ਤੇ ਸੁਭਾਅ 'ਚ ਸ਼ੁਮਾਰ ਹੈ। ਉਸ ਦੇ 10 ਡਾਊਨਿੰਗ ਸਟਰੀਟ ਵਿਚ ਪ੍ਰਵੇਸ਼ ਦੇ ਨਾਲ ਹੀ ਬਰਤਾਨੀਆਂ ਦੇ ਇਤਿਹਾਸ ਵਿਚ ਉਥੋਂ ਦਾ ਸਭ ਤੋਂ ਵੱਧ ਧਨਾਡ ਸ਼ਾਸ਼ਕ ਹੋਣ ਦੀ ਇਬਾਰਤ ਦਾ ਸਿਹਰਾ ਵੀ ਰਿਸ਼ੀ ਦੇ ਸਿਰ ਹੀ ਬੱਝਿਆ ਹੈ ਜਿਸ ਦੀ ਬੀਵੀ ਸਮੇਤ ਉਹਨਾਂ ਕੋਲ ਜਾਇਦਾਦ ਬਰਤਾਨੀਆਂ ਦੇ ਰਾਜ ਪਰਿਵਾਰ ਨਾਲੋਂ ਕਿਤੇ ਵੱਧ ਹੈ, ਇਹੀ ਰਾਜ ਪਰਿਵਾਰ ਜਿਸ ਦੇ



ਮੁਕਟ 'ਚ ਰਿਸ਼ੀ ਦੇ ਪੁਰਖਿਆਂ ਦੇ ਸ਼ਹਿਰ ਗੁੱਜਰਾਂਵਾਲਾ ਦਾ ਮਾਣ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿਰ ਦਾ ਤਾਜ ਰਿਹਾ ਕੋਹਿਨੂਰ ਹੀਰਾ ਅਜੇ ਤੱਕ ਵੀ ਚਮਕਦਾ ਹੋਵੇ। ਹਾਲ ਹੀ ਵਿੱਚ ਡੇਢ ਕੁ ਮਹੀਨਾ ਪਹਿਲਾਂ ਜਦ ਰਿਸ਼ੀ ਲਿਜ ਟਰੱਸ ਦੇ ਮੁਕਾਬਲੇ ਫਸਵੀਂ ਟੱਕਰ 'ਚ ਫਾਡੀ ਰਹਿ ਗਿਆ ਸੀ ਤਾਂ ਜਾਪਿਆ ਕਿ ਹੁਕਮਰਾਨ ਕੰਜ਼ਰਵੇਟਿਵ ਪਾਰਟੀ ਦੇ ਜ਼ਿਆਦਾਤਰ ਗੋਰੇ ਸਾਂਸਦਾਂ ਤੋਂ ਇਹ ਝੱਲਿਆ ਨਹੀਂ ਗਿਆ ਕਿ ਸਾਥੋਂ ਗੁਲਾਮ ਰਹਿਣ ਵਾਲੇ ਮੁਲਕ ਹਿੰਦੁਸਤਾਨ ਦੀ ਪਿਛੋਕੜ ਵਾਲਾ ਕੋਈ ਸ਼ਖ਼ਸ ਹੁਣ ਸਾਡੇ 'ਤੇ ਰਾਜ ਕਰੇ। ਪਰ ਵਕਤ ਦਾ ਤਕਾਜ਼ਾ ਕਿ ਟਰੱਸ ਦੇ ਹੁਕਮਰਾਨੀ ਦਾ ਮੈਦਾਨ ਛੱਡ ਕੇ ਲਾਂਭੇ ਹੋ ਜਾਣ 'ਤੇ ਐਤਕੀ ਰਿਸ਼ੀ ਨੂੰ ਇਸ ਸਿਆਸੀ ਦੰਗਲ ਵਿੱਚ ਮੁੜ ਉਤਰਨਾ ਹੀ ਨਹੀਂ ਪਿਆ ਤੇ ਆਪਣੀ ਕਾਬਲੀਅਤ ਦੇ ਜੌਹਰ ਵਿਖਾਉਂਦਿਆਂ ਰਾਹ ਵਿੱਚ ਆਈਆਂ ਤਮਾਮ ਰੁਕਾਵਟਾਂ ਨੂੰ ਸੁਣਕ ਕੇ ਰੱਖ ਦਿੱਤਾ। ਇਂਗਲੈਂਡ ਦਾ ਭਾਰਤੀ ਮੂਲ ਦਾ ਹੁਕਮਰਾਨ ਬਣਨਾ ਲੋਕਤੰਤਰ ਦੀ ਖ਼ੂਬਸੂਰਤੀ ਹੈ ਜਿੱਥੇ ਪਹਿਲੀ ਵਾਰ ਕਿਸੇ ਭਾਰਤਵੰਸ਼ੀ ਨੂੰ ਇਹ ਮੁਕਾਮ ਨਸੀਬ ਹੋਇਆ ਹੈ। ਹਿੰਦੁਸਤਾਨੀ ਜੀਵਨ ਦੀਆਂ ਕਦਰਾਂ-ਕੀਮਤਾਂ ਨਾਲ ਸਨੇਹ ਰੱਖਣ ਵਾਲੀ ਬੀਵੀ ਅਕਸ਼ਤਾ ਦੇ ਕੋਲ ਵੱਡੀ ਗਿਣਤੀ 'ਚ ਇੰਫੋਸਿਸ ਕੰਪਨੀ ਦੇ ਸ਼ੇਅਰ ਹੋਣ ਕਾਰਨ ਰਿਸ਼ੀ ਸੁਨਕ ਬਰਤਾਨੀਆ 'ਚ ਸਿਰਫ ਸਭ ਤੋਂ ਰਈਸ ਨੇਤਾ ਹੀ ਨਹੀਂ, ਆਪਣੇ ਮੁਲਕ 'ਚ ਕਿੰਗ ਚਾਰਲਸ ਤੋਂ ਵੀ ਵੱਧ ਜਾਇਦਾਦ ਦਾ ਮਾਲਕ ਹੈ। ਬਕੌਲ ਰਿਸ਼ੀ ਸੁਨਕ, ਮੈਂ ਬਰਤਾਨੀਆਂ ਦਾ ਨਾਗਰਿਕ ਹਾਂ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਮੈਂ ਇੱਕ ਹਿੰਦੂ ਹਾਂ ਤੇ ਹਿੰਦੂ ਹੋਣਾ ਹੀ ਮੇਰੀ ਪਹਿਚਾਣ ਹੈ। ਮਹਿਜ਼ 44 ਦਿਨਾਂ ਬਾਅਦ ਟਰੱਸ ਦੇ ਅਸਤੀਫ਼ਾ ਦੇਣ ਮਗਰੋਂ ਬਰਤਾਨੀਆ ਦਾ ਹੁਕਮਰਾਨ ਬਣੇ ਰਿਸ਼ੀ ਦੇ ਚੇਤਿਆਂ 'ਚੋਂ ਨਹੀਂ ਨਿੱਕਲ ਸਕਿਆ ਕਿ ਜਿਸ ਈਸਟ ਇੰਡੀਆ ਕੰਪਨੀ ਨੇ 1757 ਤੋਂ ਲੈ ਕੇ 1858 ਤੱਕ ਹਿੰਦੁਸਤਾਨ ਉਪ ਮਹਾਂਦੀਪ 'ਤੇ ਸ਼ਾਸਕ ਕੀਤਾ ਸੀ, ਉਹ ਕੰਪਨੀ ਹਿੰਦੁਸਤਾਨੀਆਂ ਨੂੰ ਦਿੱਤੇ ਅਣਗਿਣਤ ਜ਼ਖ਼ਮਾਂ ਤੋਂ ਮਿਲੇ ਸਰਾਪ ਨਾਲ ਆਪਣੀ ਚਮਕ-ਦਮਕ ਖੋਹ ਦੀਵਾਲੀਆ ਹੋ ਚੁੱਕੀ ਹੈ। ਅਗਲੀਆਂ ਚੋਣਾਂ ਬਰਤਾਨੀਆ ਵਿੱਚ ਮਹਿਜ਼ ਦੋ ਸਾਲਾਂ ਬਾਅਦ ਹੋਣੀਆਂ ਹਨ। ਸੁਨਕ ਨੇ ਆਪਣੇ ਮੁਲਕ ਦੀ ਕਮਾਨ ਉਸ ਵੇਲੇ ਸੰਭਾਲੀ ਹੈ ਜਦ ਯੁਕਰੇਨ ਯੁੱਧ ਕਾਰਨ ਸਾਰਾ ਯੂਰਪ ਮੰਦੀ ਦੇ ਹਾਲਾਤ ਵੱਲ ਹੈ। ਇਸ ਵੇਲੇ ਰਿਸ਼ੀ ਸਾਹਮਣੇ ਬਰਤਾਨੀਆਂ ਦੀ ਲੜਖੜਾਉਂਦੀ ਚਰਮਰਾਉਂਦੀ ਅਰਥ ਵਿਵਸਥਾ ਨੂੰ ਸੰਭਾਲਣ ਦੀ ਵੰਗਾਰ ਹੈ। ਅਜਿਹੇ ਵਿਚ ਜੇ ਉਹ ਆਪਣੇ ਮੁਲਕ ਨੂੰ ਮੁੜ ਸਹੀ ਰਾਹ 'ਤੇ ਲਿਆ ਸਕੇ ਤਾਂ ਨਾ ਕੇਵਲ ਬਰਤਾਨੀਆਂ ਸਗੋਂ ਹਿੰਦੁਸਤਾਨ ਲਈ ਵੀ ਫਖਰ ਵਾਲੀ ਗੱਲ ਹੋਵੇਗੀ। ਯੂਰਪ ਵਾਲੇ ਸਾਡੇ ਗੋਰੇ ਸ਼ਰੀਕ ਹੀ ਨਹੀਂ ਹਿੰਦੁਸਤਾਨ (ਅਣਵੰਡੇ) ਸਮੇਤ ਪੂਰੇ ਵਿਸ਼ਵ ਦੀਆਂ ਨਜ਼ਰਾਂ ਬਰਤਾਨੀਆਂ ਨਵੇਂ ਹੁਕਮਰਾਨ ਰਿਸ਼ੀ ਸੁਨਕ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਨਾ ਕੇਵਲ ਆਪਣੇ ਮੁਲਕ ਦੇ ਬਾਸ਼ਿੰਦਿਆਂ ਦੀ ਆਸ ਦੀ ਕਸਵੱਟੀ 'ਤੇ ਖਰਾ ਉਤਰਨਗੇ ਸਗੋਂ ਹਿੰਦ-ਬਰਤਾਨੀਆਂ ਦਰਮਿਆਨ ਦੋ ਸਦੀਆਂ ਰਹੇ 'ਲਵ ਐਂਡ ਹੇਟ' ਸਬੰਧਾਂ ਦੀ ਬਦਨਾਮੀ ਦੇ ਦਾਗ ਨੂੰ ਧੋਣ ਲਈ ਰਗਾਂ 'ਚ ਦੌੜਦੇ ਆਪਣੇ ਹਿੰਦੁਸਤਾਨੀ ਪੁਰਖਿਆਂ ਦੇ ਖ਼ੂਨ ਤੇ ਆਤਮਿਕ ਸਬੰਧਾਂ ਨੂੰ ਹੋਰ ਕਿੰਨਾ ਮਜਬੂਤ ਕਰ ਪਾਉਣਗੇ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukh dev Singh Dhanoa
780 700 5022, 780 599 2000
Email:
sukhdevdhanoa@gmail.com


Regina
Gurbinder Singh Gagowal
306 520 4313, 639 999 1000
Email:
gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬ ਵਿੱਚ ਅਸਲੇ ਦਾ ਲਾਇਸੰਸ ਮਿਲਦਾ ਕਿਵੇਂ ਹੈ ?



ਇੱਕ ਵਿਅਕਤੀ ਨੂੰ ਹਥਿਆਰਾਂ ਦਾ ਲਾਇਸੰਸ ਲੈਣ ਲਈ ਕਈ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਜਿਸ ਤੋਂ ਬਾਅਦ ਹੀ ਉਹ ਕਾਨੂੰਨੀ ਰੂਪ ਵਿੱਚ ਹਥਿਆਰ ਰੱਖ ਸਕਦਾ ਹੈ।

ਇਸ ਰਿਪੋਰਟ ਰਾਹੀਂ ਉਹ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਭਾਰਤ ਵਿਚ ਅਸਲੇ ਦਾ ਲਾਇਸੰਸ ਲੈਣਾ ਹੋਵੇ ਤਾਂ ਕਿਸ ਤਰ੍ਹਾਂ ਦੀ ਪ੍ਰਕਿਰਿਆ ਦਾ ਪਾਲਣ ਕਰਨਾ ਪੈਂਦਾ ਹੈ।

ਅਸਲੇ ਦਾ ਲਾਇਸੰਸ ਲੈਣ ਲਈ ਕਿੱਥੇ ਪਹੁੰਚ ਕਰਨੀ ਪੈਂਦੀ ਹੈ ਅਤੇ ਕੀ ਦਸਤਾਵੇਜ਼ ਲੋੜੀਂਦੇ ਦੇਣੇ ਪੈਂਦੇ ਹਨ।

**ਕਿੱਥੋਂ ਬਣਦਾ ਹੈ ਅਸਲਾ ਲਾਇਸੰਸ ?**

ਅਸਲਾ ਲਾਇਸੰਸ ਬਣਾਉਣ ਲਈ ਸਭ ਤੋਂ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲਾਇਸੰਸ ਦਾ ਫਾਰਮ ਲੈਣ ਲਈ ਅਰਜੀ ਦੇ ਕੇ ਮਨਜ਼ੂਰੀ ਲੈਣੀ ਪੈਂਦੀ ਹੈ।

ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਤੋਂ ਬਾਅਦ ਇੱਕ ਬਿਨੈਕਾਰ ਸੁਵਿਧਾ ਕੇਂਦਰ ਵਿੱਚੋਂ ਫਾਰਮ ਲੈ ਸਕਦਾ ਹੈ।

ਅਸਲਾ ਲਾਇਸੰਸ ਲਈ ਲੋੜੀਂਦੇ ਦਸਤਾਵੇਜ਼ ਲਗਾਉਣ ਤੋਂ ਬਾਅਦ ਦਰਖਾਸਤਕਰਤਾ ਨੂੰ ਫ਼ੀਸ ਸਮੇਤ ਸੁਵਿਧਾ ਕੇਂਦਰ ਵਿੱਚ ਫਾਇਲ ਜਮ੍ਹਾਂ ਕਰਵਾਉਣੀ ਪੈਂਦੀ ਹੈ।

**ਫਾਇਲ ਨਾਲ ਲੱਗਣ ਵਾਲੇ ਦਸਤਾਵੇਜ਼**

ਸਭ ਤੋਂ ਪਹਿਲਾਂ ਬਿਨੈਕਾਰ ਨੂੰ ਹਥਿਆਰ ਲੈਣ ਲਈ ਕਾਰਨ ਦੱਸਣਾ ਪੈਂਦਾ ਹੈ।

ਇਸ ਤੋਂ ਬਾਅਦ ਫਾਇਲ ਨਾਲ ਅਧਾਰ ਕਾਰਡ, ਪੈਨ ਕਾਰਡ, ਜਨਮ ਦਾ ਸਬੂਤ, ਰਿਹਾਇਸ਼ ਦਾ ਪ੍ਰਮਾਣ-ਪੱਤਰ, ਫੋਟੋਆਂ, ਬੈਂਕ ਦੀ ਕਾਪੀ, ਆਮਦਨ ਦਾ ਸਬੂਤ, ਹਥਿਆਰ ਦੀ ਦੁਰਵਰਤੋਂ ਨਾ ਕਰਨ ਸਬੰਧੀ ਹਲਫੀਆ ਬਿਆਨ, ਘਰ ਦੀ ਰਜਿਸਟਰੀ ਅਤੇ ਜ਼ਮੀਨ ਦੀ ਫਰਦ ਆਦਿ ਲਗਾਉਣੇ ਪੈਂਦੇ ਹਨ।

**ਡੋਪ ਟੈਸਟ ਅਤੇ 10 ਪੌਦੇ ਲਗਾਉਣਾ ਜਰੂਰੀ**

ਪੰਜਾਬ ਵਿੱਚ ਹਥਿਆਰ ਦਾ ਲਾਇਸੰਸ ਲੈਣ ਲਈ ਬਿਨੈਕਾਰ ਨੂੰ ਡੋਪ ਟੈਸਟ ਪਾਸ ਕਰਵਾਉਣਾ ਵੀ ਲਾਜ਼ਮੀ ਹੈ।

ਇਸ ਟੈਸਟ ਵਿੱਚ ਕਰੀਬ 10 ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਜਾਂਚ ਕੀਤੀ ਜਾਂਦੀ ਹੈ। ਜਿੰਨ੍ਹਾਂ ਵਿੱਚ ਮੋਰਫਿਨ, ਕੋਡੀਨ, ਡੀ ਪ੍ਰੋਪੌਕਸੀਫੀਨ, ਕੋਕੀਨ, ਬਿਊਪਰੇਨੋਰਫਾਈਨ ਅਤੇ ਟ੍ਰਾਮਾਡੋਲ ਆਦਿ ਸ਼ਾਮਿਲ ਹਨ।

ਡੋਪ ਟੈਸਟ ਸਰਕਾਰੀ ਹਸਪਤਾਲ ਵਿੱਚ ਕੀਤਾ ਜਾਂਦਾ ਹੈ, ਜਿਸ ਦੀ ਫੀਸ ਕਰੀਬ 1500 ਰੁਪਏ ਹੁੰਦੀ ਹੈ।

ਇਸ ਦੇ ਨਾਲ ਹੀ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬਿਨੈਕਾਰ ਨੂੰ 10 ਪੌਦੇ ਵੀ ਲਗਾਉਣੇ ਪੈਂਦੇ ਹਨ, ਜਿਨ੍ਹਾਂ ਦੀਆਂ ਫੋਟੋਆਂ ਫਾਇਲ ਦੇ ਨਾਲ ਲਗਾਈਆਂ ਜਾਂਦੀਆਂ ਹਨ।

**ਪੁਲਿਸ ਜਾਂਚ ਤੋਂ ਬਾਅਦ ਲਾਇਸੰਸ**

ਸੁਵਿਧਾ ਕੇਂਦਰ ਵਿੱਚ ਫਾਇਲ ਜਮ੍ਹਾਂ ਕਰਵਾਉਣ ਤੋਂ ਕੁਝ ਦਿਨ ਬਾਅਦ ਇਸ ਸਬੰਧੀ ਪੁਲਿਸ ਦੀ ਰਿਪੋਰਟ ਮੰਗੀ ਜਾਂਦੀ ਹੈ।

ਜ਼ਿਲ੍ਹੇ ਦੇ ਐੱਸ.ਐੱਸ.ਪੀ. ਵੱਲੋਂ ਇਸ ਸਬੰਧੀ ਇਲਾਕੇ ਦੇ ਐੱਸ.ਐੱਚ.ਓ. ਤੋਂ ਰਿਪੋਰਟ ਲਈ ਜਾਂਦੀ ਹੈ।

ਐੱਸ.ਐੱਚ.ਓ. ਵਿਅਕਤੀ ਦੇ ਘਰ ਤੱਕ ਜਾ ਕੇ ਜਾਂਚ ਕਰਦੇ ਹਨ, ਜਿਸ ਵਿੱਚ ਬਿਨੈਕਾਰ ਦੇ ਚਰਿੱਤਰ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ।

ਪੁਲਿਸ ਦੀ ਰਿਪੋਰਟ ਤੋਂ ਬਾਅਦ ਜ਼ਿਲ੍ਹਾ ਮੈਜਿਸਟ੍ਰੇਟ ਲਾਇਸੰਸ ਜਾਰੀ ਕਰਦਾ ਹੈ।

**ਇੱਕ ਲਾਇਸੰਸ ਉਪਰ ਕਿੰਨ੍ਹੇ ਹਥਿਆਰ ਲਏ ਜਾ ਸਕਦੇ ਹਨ ?**

ਪਟਿਆਲਾ ਡਵੀਜ਼ਨ ਦੇ ਕਮਿਸ਼ਨ ਚੰਦਰ ਗੈਂਡ ਦਾ ਕਹਿਣਾ ਹੈ ਕਿ ਇਕ ਲਾਇਸੰਸ ਉਪਰ 2 ਹਥਿਆਰ ਹੀ ਚੜ੍ਹਾਏ ਜਾ ਸਕਦੇ ਹਨ।

ਉਹਨਾਂ ਕਿਹਾ, 'ਵੱਡੀਆਂ ਸ਼ਰਤਾਂ ਵਿੱਚ ਬਿਨੈਕਾਰ ਨੂੰ ਡੋਪ ਟੈਸਟ ਪਾਸ ਕਰਨਾ ਪੈਂਦਾ ਹੈ ਅਤੇ 10 ਪੌਦੇ ਲਗਾਉਣੇ ਪੈਂਦੇ ਹਨ।

ਇਹਨਾਂ ਪੌਦਿਆਂ ਦੀ ਸਾਂਭ-ਸੰਭਾਲ ਕਰਨੀ ਵੀ ਜ਼ਰੂਰੀ ਹੁੰਦੀ ਹੈ। ਇਸ ਦੇ ਨਾਲ ਹੀ ਜੇਕਰ ਵਿਅਕਤੀ ਉਪਰ ਕੋਈ ਪੁਲਿਸ ਕੇਸ ਨਹੀਂ ਹੈ ਤਾਂ ਲਾਇਸੰਸ ਇੱਕ ਤੋਂ ਦੋ ਮਹੀਨਿਆਂ ਵਿੱਚ ਬਣ ਜਾਂਦਾ ਹੈ।'


**ਜਥੇਦਾਰ ਨੇ ਅਸਲੇ ਬਾਰੇ ਕੀ ਕਿਹਾ ਸੀ**

ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ-ਗੱਦੀ ਦਿਵਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਸੀ ਕਿ ਸਿੱਖ ਨੌਜਵਾਨ ਆਧੁਨਿਕ ਹਥਿਆਰਾਂ ਨੂੰ ਕਾਨੂੰਨੀ ਤਰੀਕੇ ਨਾਲ ਲੈਣ ਦਾ ਯਤਨ ਕਰਨ।

ਉਨ੍ਹਾਂ ਨੇ ਕਿਹਾ ਕਿ ਜੋ ਹਾਲਾਤ ਬਣ ਰਹੇ ਹਨ, ਉਸ ਨੂੰ ਵੇਖਦਿਆਂ ਸਿੱਖ ਲਾਈਸੰਸੀ ਹਥਿਆਰ ਰੱਖਣ।

ਜਥੇਦਾਰ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਸਿੱਖ ਨੌਜਵਾਨਾਂ ਨੂੰ ਗੁਰਬਾਣੀ, ਗੱਤਕਾ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਨਾਲ ਜੁੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ ਗਈ ਹੈ।

ਜਥੇਦਾਰ ਨੇ ਕਿਹਾ ਸੀ, "ਅੱਜ ਜ਼ਰੂਰਤ ਹੈ, ਸਾਡੇ ਸਿੱਖ ਨੌਜਵਾਨ ਮੁੰਡੇ-ਕੁੜੀਆਂ ਨੂੰ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਸਤਰਧਾਰੀ ਹੋਣ।"




**ਭਗਵੰਤ ਮਾਨ ਦਾ ਪ੍ਰਤੀਕਰਮ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਅਕਾਲ ਤਖ਼ਤ ਦੇ ਇਸ ਬਿਆਨ ਉੱਤੇ ਟਵੀਟ ਕਰਦਿਆਂ ਆਖਿਆ ਹੈ ਕਿ ਉਨ੍ਹਾਂ ਨੂੰ ਸਰਬੱਤ ਦਾ ਭਲਾ ਮੰਗਣ ਵਾਲੇ ਗੁਰਬਾਣੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਬਾਰੇ ਆਖਣਾ ਚਾਹੀਦਾ ਹੈ ਨਾ ਕਿ ਹਥਿਆਰਾਂ ਬਾਰੇ।

ਭਗਵੰਤ ਮਾਨ ਨੇ ਲਿਖਿਆ ਹੈ, 'ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ, ਤੁਹਾਡਾ ਹਥਿਆਰਾਂ ਵਾਲਾ ਬਿਆਨ ਸੁਣਿਆ। ਜਥੇਦਾਰ ਸਾਹਿਬ ਜੀ ਤੁਸੀਂ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਦਾ ਸੰਦੇਸ਼ ਦਿਓ ਨਾ ਕਿ ਹਥਿਆਰ ਰੱਖਣ ਦਾ। ਜਥੇਦਾਰ ਸਾਹਿਬ, ਆਪਾਂ ਪੰਜਾਬ ਵਿੱਚ ਸ਼ਾਂਤੀ, ਭਾਈਚਾਰੇ ਅਤੇ ਮਾਡਰਨ ਤਰੱਕੀ ਦੇ ਸੁਨੇਹੇ ਦੇਣੇ ਨੇ ਨਾ ਕਿ ਮਾਡਰਨ ਹਥਿਆਰਾਂ ਦੇ।'

**ਰਾਜਾ ਵੜਿੰਗ ਨੇ ਕੀ ਕਿਹਾ**

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਦੱਸਣ ਦੀ ਅਪੀਲ ਕੀਤੀ ਹੈ ਕਿ ਕਿਉਂ ਸਿੱਖਾਂ ਨੂੰ ਲਾਇਸੰਸੀ ਆਧੁਨਿਕ ਹਥਿਆਰ ਰੱਖਣੇ ਚਾਹੀਦੇ ਹਨ।

ਜਥੇਦਾਰ ਸਾਹਿਬ ਵੱਲੋਂ ਇੱਕ ਭਾਈਚਾਰੇ ਦੇ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ ਹੈ। ਅਜਿਹੇ ਵਿੱਚ ਹਰ ਕਿਸੇ ਨੂੰ ਜਾਨਣ ਦੀ ਲੋੜ ਹੈ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਭਾਈਚਾਰੇ ਨੂੰ ਕੋਈ ਵਿਸ਼ੇਸ਼ ਖ਼ਤਰਾ ਹੈ.

ਜਿਸ ਕਾਰਨ ਨੌਜਵਾਨਾਂ ਨੂੰ ਆਧੁਨਿਕ ਲਾਈਸੰਸੀ ਹਥਿਆਰ ਰੱਖਣ ਦੀ ਲੋੜ ਹੈ।

ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜਥੇਦਾਰ ਸਾਹਿਬ ਦਾ ਸਿੱਖ ਭਾਈਚਾਰੇ ਵਿੱਚ ਇੱਕ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ।

ਉਹ ਜੋ ਕੁਝ ਵੀ ਕਹਿੰਦੇ ਹਨ ਹਮੇਸ਼ਾ ਉਸ ਨੂੰ ਸਿੱਖ ਭਾਈਚਾਰਾ ਗੰਭੀਰਤਾ ਨਾਲ ਲੈਂਦਾ ਹੈ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਆਧੁਨਿਕ ਹਥਿਆਰ ਰੱਖਣ ਸਬੰਧੀ ਦਿੱਤੇ ਸੱਦੇ ਪਿੱਛੇ ਕੀ ਕਾਰਨ ਹੈ।

ਵੜਿੰਗ ਨੇ ਕਿਹਾ ਕਿ ਪੰਜਾਬ ਵਿੱਚ ਜ਼ਿਆਦਾਤਰ ਲੋਕ ਆਮ ਤੌਰ 'ਤੇ ਲਾਈਸੰਸੀ ਹਥਿਆਰ ਰੱਖਦੇ ਹਨ। ਹਾਲਾਂਕਿ ਕਿਸੇ ਵੱਲੋਂ ਹਥਿਆਰ ਦਾ ਲਾਇਸੰਸ ਲੈਣ 'ਤੇ ਕੋਈ ਰੋਕ ਨਹੀਂ ਹੈ।

ਉੱਧਰ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਆਖਿਆ ਕਿ ਜਥੇਦਾਰ ਅਕਾਲ ਤਖ਼ਤ ਜੇਕਰ ਸਿੱਖ ਮਰਿਆਦਾ ਇਸ ਬਾਰੇ ਕੋਈ ਅਪੀਲ ਕਰਦੇ ਹਨ ਤਾਂ ਇਸ ਨੂੰ ਸਿਆਸਤ ਨਾਲ ਨਹੀਂ ਜੋੜਨਾ ਚਾਹੀਦਾ। ਆਲ ਇੰਡੀਆ ਐਂਟੀ ਟੈਰਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਇਸ ਬਿਆਨ ਨੂੰ ਲੋਕ ਹਿੱਤਾਂ ਦੇ ਖ਼ਿਲਾਫ਼ ਕਰਾਰ ਦਿੱਤਾ ਹੈ।

**ਧੰਨਵਾਦ ਸਹਿਤ ਬੀਬੀਸੀ**

# ਪੰਜਾਬ 'ਚ ਵਧ ਰਹੇ ਕ੍ਰਾਈਮ ਵਿਚਾਲੇ ਫ਼ਿਲਮ 'ਚੋਬਰ' 'ਤੇ ਬੈਨ ਦੀ ਮੰਗ

## ਮੂਸੇਵਾਲਾ ਕਤਲ ਦਾ ਵੀ ਦਿੱਤਾ ਹਵਾਲਾ




ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ 'ਚ ਹਿੰਸਾ ਕਾਰਨ ਪੈਦਾ ਹੋਏ ਮਾਹੌਲ ਨੂੰ ਦੇਖਦੇ ਹੋਏ ਹਾਲ ਹੀ 'ਚ ਰਿਲੀਜ਼ ਹੋਈ ਫਿਲਮ 'ਚੋਬਰ' 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨ 'ਤੇ ਕੇਂਦਰ ਨੇ ਕਿਹਾ ਕਿ ਫਿਲਮ ਅਜੇ ਤੱਕ ਸੈਂਸਰ ਸਰਟੀਫਿਕੇਟ ਲਈ ਨਹੀਂ ਪਹੁੰਚੀ ਹੈ। ਪਟੀਸ਼ਨ ਦੇ ਤੌਰ 'ਤੇ ਫਿਲਮ ਨੂੰ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਇਤਰਾਜ਼ਾਂ 'ਤੇ ਵਿਚਾਰ ਕੀਤਾ ਜਾਵੇਗਾ। ਇਸ 'ਤੇ ਹਾਈਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ।

ਪਟੀਸ਼ਨਰ ਰਗਵੰਤ ਸਿੰਘ ਨੇ ਐਡਵੋਕੇਟ ਅਮਿਤ ਝਾਂਜੀ ਰਾਹੀਂ ਹਾਈ ਕੋਰਟ ਨੂੰ ਦੱਸਿਆ ਕਿ ਫਿਲਮਾਂ ਵਿੱਚ ਹਿੰਸਾ ਦਾ ਪ੍ਰਦਰਸ਼ਨ ਲਗਾਤਾਰ ਵੱਧ ਰਿਹਾ ਹੈ। ਫਿਲਮਾਂ ਵਿੱਚ ਹਿੰਸਾ ਦੇ ਪ੍ਰਦਰਸ਼ਨ ਦਾ ਨੌਜਵਾਨਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਪਟੀਸ਼ਨ ਵਿੱਚ ਪਿਛਲੇ ਦਿਨੀਂ ਹੋਏ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਰਨ ਪੰਜਾਬ ਵਿੱਚ ਪੈਦਾ ਹੋਏ ਮਾਹੌਲ ਦਾ ਹਵਾਲਾ ਦਿੱਤਾ ਗਿਆ ਸੀ। ਇਹ ਵੀ ਦੱਸਿਆ ਗਿਆ ਕਿ ਹਾਈ ਕੋਰਟ ਨੇ ਵੀ ਸਾਹਿਤ ਰਾਹੀਂ ਗੰਨ ਕਲਚਰ ਨੂੰ ਰੋਕਣ ਦੇ ਹੁਕਮ ਜਾਰੀ ਕੀਤੇ ਹਨ।

ਇਸ ਕਰਕੇ ਪਹਿਲਾਂ ਵੀ ਕਈ ਗਾਇਕਾਂ ਖ਼ਿਲਾਫ਼ ਐਫਆਈਆਰ ਦਰਜ ਹੋ ਚੁੱਕੀ ਹੈ। ਪੰਜਾਬ ਵਿੱਚ ਅਪਰਾਧ ਦਾ ਗ੍ਰਾਫ ਵਧ ਰਿਹਾ ਹੈ ਅਤੇ ਅਜਿਹੇ ਵਿੱਚ ਫਿਲਮਾਂ ਵਿੱਚ ਇਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਯੂਟਿਊਬ 'ਤੇ ਫਿਲਮ ਦੀ ਸਮੱਗਰੀ ਦਿਖਾਉਂਦੀ ਹੈ ਕਿ ਫਿਲਮ ਹਿੰਸਾ ਨੂੰ ਉਤਸ਼ਾਹਿਤ ਕਰ ਰਹੀ ਹੈ। ਅਜਿਹੇ 'ਚ ਇਸ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾਈ ਜਾਣੀ ਚਾਹੀਦੀ ਹੈ।

ਫਿਲਮ ਦਾ ਨਿਰਮਾਣ ਮੋਹਾਲੀ ਸਥਿਤ ਇਕ ਕੰਪਨੀ ਨੇ ਕੀਤਾ ਹੈ, ਕੇਂਦਰ ਸਰਕਾਰ ਨੇ ਕਿਹਾ ਕਿ ਅਜੇ ਤੱਕ ਇਸ ਫਿਲਮ ਨੂੰ ਪ੍ਰਦਰਸ਼ਿਤ ਕਰਨ ਲਈ ਸੈਂਸਰ ਦੀ ਇਜਾਜ਼ਤ ਲਈ ਕੋਈ ਅਰਜ਼ੀ ਨਹੀਂ ਮਿਲੀ ਹੈ। ਜੇ ਬਿਨੈ-ਪੱਤਰ ਪ੍ਰਾਪਤ ਹੁੰਦਾ ਹੈ, ਤਾਂ ਪਟੀਸ਼ਨਕਰਤਾ ਦੁਆਰਾ ਦਾਇਰ ਇਤਰਾਜ਼ਾਂ ਨੂੰ ਵੀ ਪ੍ਰਵਾਨਗੀ ਤੋਂ ਪਹਿਲਾਂ ਵਿਚਾਰਿਆ ਜਾਵੇਗਾ। ਇਸ ਸੂਚਨਾ 'ਤੇ ਹਾਈਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ।

# ਲਿਵ-ਇਨ ਰਿਲੇਸ਼ਨਸ਼ਿਪ ਪਾਰਟਨਰ ਨੇ ਪ੍ਰੇਮਿਕਾ ਦਾ ਕਤਲ ਕਰਕੇ ਕੀਤੇ 35 ਟੁਕੜੇ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਦੇ 6 ਮਹੀਨੇ ਪੁਰਾਣੇ ਕਤਲ ਕਾਂਡ 'ਚ ਸਨਸਨੀਖੇਜ਼ ਖੁਲਾਸਾ। ਪ੍ਰੇਮੀ ਆਫਤਾਬ ਅਮੀਨ ਪੂਨਾਵਾਲਾ ਨੇ ਲਿਵ-ਇਨ ਪਾਰਟਨਰ ਅਤੇ ਪ੍ਰੇਮਿਕਾ ਸ਼ਰਧਾ ਦਾ ਕਤਲ ਕਰਕੇ ਉਸ ਦੀ ਲਾਸ਼ ਦੇ 35 ਟੁਕੜੇ ਕਰ ਦਿੱਤੇ। ਪੁਲਿਸ ਨੇ ਸ਼ਨੀਵਾਰ ਨੂੰ ਦੋਸ਼ੀ ਆਫਤਾਬ ਨੂੰ ਗ੍ਰਿਫ਼ਤਾਰ ਕਰ ਲਿਆ। ਇਕ ਸਾਲ ਪਹਿਲਾਂ ਸ਼ਰਧਾ ਆਫਤਾਬ ਨਾਲ ਰਹਿਣ ਲਈ ਮੁੰਬਈ ਤੋਂ ਦਿੱਲੀ ਸ਼ਿਫਟ ਹੋ ਗਈ ਸੀ।26 ਸਾਲਾ ਸ਼ਰਧਾ ਮੁੰਬਈ ਦੇ ਮਲਾਡ ਦੀ ਰਹਿਣ ਵਾਲੀ ਸੀ। ਇੱਥੇ ਉਹ ਇੱਕ ਮਲਟੀਨੈਸ਼ਨਲ ਕੰਪਨੀ ਦੇ ਕਾਲ ਸੈਂਟਰ ਵਿੱਚ ਕੰਮ ਕਰਦੀ ਸੀ। ਸ਼ਰਧਾ ਅਤੇ ਆਫਤਾਬ ਦੋਵੇਂ ਕਾਲ ਸੈਂਟਰ 'ਚ ਕੰਮ ਕਰਦੇ ਸਨ। ਦੋਵੇਂ ਇੱਥੇ 2019 ਵਿੱਚ ਮਿਲੇ ਸਨ। ਦੋਵੇਂ ਪਿਆਰ ਕਰਨ ਲੱਗ ਪਏ ਪਰ ਪਰਿਵਾਰ ਵਾਲੇ ਉਨ੍ਹਾਂ ਦੇ ਰਿਸ਼ਤੇ ਤੋਂ ਨਾਖੁਸ਼ ਸਨ। ਇਸ ਕਾਰਨ ਦੋਵੇਂ ਮੁੰਬਈ ਤੋਂ ਦਿੱਲੀ ਸ਼ਿਫਟ ਹੋ ਗਏ ਅਤੇ ਮਹਿਰੌਲੀ 'ਚ ਇਕ ਫਲੈਟ 'ਚ ਰਹਿਣ ਲੱਗੇ। ਸ਼ਰਧਾ ਆਪਣੇ ਜਮਾਤੀ ਲਕਸ਼ਮਣ ਦੇ ਸੰਪਰਕ ਵਿੱਚ ਸੀ। ਇਹ ਲਕਸ਼ਮਣ ਹੀ ਸੀ ਜੋ ਸ਼ਰਧਾ ਦੇ ਪਿਤਾ ਵਿਕਾਸ ਮਦਾਨ ਨੂੰ ਜਾਣਕਾਰੀ ਦਿੰਦਾ ਸੀ। ਜਦੋਂ ਸ਼ਰਧਾ ਨੇ ਕਈ ਦਿਨਾਂ ਤੱਕ ਲਕਸ਼ਮਣ ਦਾ ਫੋਨ ਨਹੀਂ ਚੁੱਕਿਆ ਤਾਂ ਉਨ੍ਹਾਂ ਨੇ ਸ਼ਰਧਾ ਦੇ ਪਿਤਾ ਨੂੰ ਸੂਚਨਾ ਦਿੱਤੀ। ਇਸ 'ਤੇ ਪਿਤਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵੀ ਕੋਈ ਅਪਡੇਟ ਨਹੀਂ ਮਿਲ ਰਹੀ ਹੈ। ਵਿਕਾਸ ਮਦਾਨ 8 ਨਵੰਬਰ ਨੂੰ ਆਪਣੀ ਬੇਟੀ ਦਾ ਹਾਲ-ਚਾਲ ਜਾਣਨ ਦਿੱਲੀ ਪਹੁੰਚੇ ਸਨ। ਜਦੋਂ ਉਹ ਉਸਦੇ ਘਰ ਪਹੁੰਚੇ ਤਾਂ ਤਾਲਾ ਲੱਗਿਆ ਹੋਇਆ ਸੀ। ਉਸ ਨੇ ਪੁਲੀਸ ਨੂੰ ਸ਼ਿਕਾਇਤ ਕਰਦਿਆਂ ਦੋਸ਼ ਲਾਇਆ ਕਿ ਧੀ ਨੂੰ ਅਗਵਾ ਕਰ ਲਿਆ ਗਿਆ ਹੈ। ਕੁਝ ਖਬਰਾਂ 'ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਸ਼ਰਧਾ ਨੇ ਆਪਣੀ ਮਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਆਫਤਾਬ ਉਸ ਨਾਲ ਕੁੱਟਮਾਰ ਕਰਦਾ ਸੀ। ਸ਼ਰਧਾ ਦੀ ਮਾਂ ਦੀ ਮੌਤ ਤੋਂ ਬਾਅਦ ਉਹ ਉਸ ਦੇ ਘਰ ਆਈ ਸੀ ਤਾਂ ਉਸ ਨੇ ਆਪਣੇ ਪਿਤਾ ਨਾਲ ਲੜਾਈ ਦੀ ਗੱਲ ਵੀ ਦੱਸੀ ਸੀ। ਦੱਖਣੀ ਦਿੱਲੀ ਦੇ ਐਡੀਸ਼ਨਲ ਏ ਸੀ ਪੀ ਅੰਕਿਤ ਚੌਹਾਨ ਨੇ ਦੱਸਿਆ ਕਿ 18 ਮਈ ਨੂੰ ਝਗੜੇ ਤੋਂ ਬਾਅਦ ਆਫਤਾਬ ਨੇ ਸ਼ਰਧਾ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਦੇ ਸਰੀਰ ਦੇ 35 ਟੁਕੜੇ ਕਰ ਕੇ ਫਰਿੱਜ ਵਿਚ ਰੱਖ ਦਿੱਤੇ। ਪੁਲਿਸ ਨੇ ਦੱਸਿਆ ਕਿ ਉਹ ਹਰ ਰਾਤ 2 ਵਜੇ ਘਰੋਂ ਨਿਕਲਦਾ ਸੀ ਅਤੇ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਟੁਕੜਿਆਂ ਨੂੰ ਸੁੱਟ ਦਿੰਦਾ ਸੀ। ਪਿਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਸ਼ਨੀਵਾਰ ਨੂੰ ਆਫਤਾਬ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਦੋਵਾਂ ਵਿਚਾਲੇ ਅਕਸਰ ਝਗੜਾ ਰਹਿੰਦਾ ਸੀ। ਉਹ ਵਿਆਹ ਲਈ ਦਬਾਅ ਪਾ ਰਹੀ ਸੀ। ਆਫਤਾਬ ਦੇ ਕਈ ਹੋਰ ਲੜਕੀਆਂ ਨਾਲ ਵੀ ਸਬੰਧ ਸਨ ਅਤੇ ਸ਼ਰਧਾ ਨੂੰ ਉਸ 'ਤੇ ਸ਼ੱਕ ਹੋ ਰਿਹਾ ਸੀ। ਇਸ ਗੱਲ ਨੂੰ ਲੈ ਕੇ ਦੋਵਾਂ 'ਚ ਝਗੜਾ ਵੀ ਰਹਿੰਦਾ ਸੀ। ਆਫਤਾਬ ਨੇ ਤੰਗ ਆ ਕੇ ਉਸ ਦਾ ਕਤਲ ਕਰ ਦਿੱਤਾ। ਹੁਣ ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਸ਼ਰਧਾ ਦੀ ਲਾਸ਼ ਦੀ ਭਾਲ ਸ਼ੁਰੂ ਕਰ ਦਿੱਤੀ ਹੈ।



# ਈ ਦੀਵਾਨ ਸੁਸਾਇਟੀ ਵਲੋਂ ਗੁਰਪੁਰਬ ਨੂੰ ਸਮਰਪਿਤ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਈ- ਦੀਵਾਨ ਸੋਸਾਇਟੀ ਕੈਲਗਰੀ ਵਲੋਂ, 12 ਤੇ 13 ਨਵੰਬਰ ਨੂੰ, ਦੋ ਦਿਨ ਲਗਾਤਾਰ ਆਪਣੇ ਹਫਤਾਵਾਰ ਸਮਾਗਮਾਂ ਵਿੱਚ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਆਗਮਨ ਪੁਰਬ ਨੂੰ ਸਮਰਪਿਤ, ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ- ਜਿਹਨਾਂ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਕੋਵਿਡ ਦੌਰਾਨ ਸ਼ੁਰੂ ਹੋਈ ਇਹ ਸੰਸਥਾ, ਖਾਸ ਦਿਹਾੜਿਆਂ ਤੇ ਕਵੀ ਦਰਬਾਰ ਕਰਾ ਕੇ, ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।

ਸਮਾਗਮ ਦੇ ਪਹਿਲੇ ਦਿਨ ਸ਼ੁਰੂ ਵਿੱਚ, ਸੰਸਥਾ ਦੇ ਸੰਸਥਾਪਕ ਤੇ ਸੰਚਾਲਕ- ਜਗਬੀਰ ਸਿੰਘ ਜੀ ਅਤੇ ਗੁਰਦੀਸ਼ ਕੌਰ ਗਰੇਵਾਲ ਨੇ, ਮੰਚ ਸੰਚਾਲਨ ਦੀ ਸੇਵਾ ਨਿਭਾਈ। ਜਗਬੀਰ ਸਿੰਘ ਜੀ ਨੇ ਨਵੀਂ ਸੰਗਤ ਨੂੰ ਸਭਾ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਅਤੇ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਿਹਾ। ਗੁਰਦੀਸ਼ ਕੌਰ ਗਰੇਵਾਲ ਨੇ ਦੇਸ਼ ਵਿਦੇਸ਼ ਤੋਂ ਪਹੁੰਚੇ ਕਵੀ ਸਾਹਿਬਾਨ ਦੀ ਜਾਣ ਪਛਾਣ ਕਰਾਉਂਦੇ ਹੋਏ, ਵਾਰੀ ਵਾਰੀ ਸਭ ਨੂੰ ਸੱਦਾ ਦਿੱਤਾ।

12 ਨਵੰਬਰ ਦੇ ਕਵੀ ਦਰਬਾਰ ਦੀ ਸ਼ੁਰੂਆਤ ਵਿੱਚ- ਲੁਧਿਆਣਾ ਤੋਂ ਪਹੁੰਚੇ ਨਾਮਵਰ ਗੀਤਕਾਰ ਤੇ ਗਾਇਕ, ਕਰਮਜੀਤ ਸਿੰਘ ਗਰੇਵਾਲ ਨੇ ਬਾਬੇ ਨਾਨਕ ਦੇ ਫਲਸਫੇ ਨੂੰ ਦਰਸਾਉਂਦਾ ਹੋਇਆ ਆਪਣਾ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਉਸ ਤੋਂ ਬਾਅਦ ਗੁਰਦਾਸਪੁਰ ਤੋਂ ਆਈ ਨੌਜਵਾਨ ਅਧਿਆਪਕ ਸ਼ਾਇਰਾ, ਹਰਮੀਤ ਕੌਰ ਮੀਤ ਅਤੇ ਲੁਧਿਆਣਾ ਤੋਂ ਹੀ ਆਏ ਨਾਮਵਰ ਸ਼ਾਇਰ ਅਮਰਜੀਤ ਸਿੰਘ ਸ਼ੇਰਪੁਰੀ ਨੇ ਵੀ, ਗੁਰੂ ਨਾਨਕ ਪਾਤਸ਼ਾਹ ਦੀ ਮਹਿਮਾ 'ਚ ਲਿਖੇ ਆਪੋ ਆਪਣੇ ਗੀਤ ਸੁਰੀਲੀ ਆਵਾਜ਼ ਵਿੱਚ ਸੁਣਾ ਕੇ ਮਹੌਲ ਸੁਰਮਈ ਬਣਾਈ ਰੱਖਿਆ। ਜਲੰਧਰ ਸ਼ਹਿਰ ਤੋਂ ਪਹੁੰਚੇ ਪੰਥਕ ਸ਼ਾਇਰ ਤੇ ਪ੍ਰਚਾਰਕ, ਦਲਬੀਰ ਸਿੰਘ ਰਿਆੜ ਨੇ ਆਪਣੀ ਬੈਂਤ ਛੰਦ 'ਚ ਲਿਖੀ ਕਵਿਤਾ ਸਾਂਝੀ ਕੀਤੀ। ਇੰਗਲੈਂਡ ਤੋਂ ਪਹੁੰਚੀ ਸ਼ਾਇਰਾ ਮਨਜੀਤ ਕੌਰ ਪੱਡਾ ਨੇ ਅਜੋਕੇ ਹਾਲਾਤ ਨੂੰ ਦਰਸਾਉਂਦੀਆਂ ਹੋਈਆਂ ਆਪਣੀਆਂ ਦੋ ਭਾਵਪੂਰਤ ਛੋਟੀਆਂ ਰਚਨਾਵਾਂ ਨਾਲ ਸਾਂਝ ਪਾਈ। ਦੁਨੀਆਂ ਦੀ ਪਹਿਲੀ ਔਰਤ ਹੈੱਡ ਗਰੰਥੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣੀਆਂ ਰੁਬਾਈਆਂ ਨੂੰ ਗਾਉਣ ਉਪਰੰਤ, ਬਾਬੇ ਨਾਨਕ ਦੇ ਜਨਮ ਸਮੇਂ ਦਾ ਦ੍ਰਿਸ਼ ਵਰਨਣ ਕਰਦੀ ਹੋਈ ਕਵਿਤਾ ਸੁਣਾ ਕੇ, ਖੂਬ ਦਾਦ ਖੱਟੀ। ਟੋਰੰਟੋ ਤੋਂ ਆਏ ਪਰਮੀਤ ਸਿੰਘ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ- 'ਛੇੜ ਮਰਦਾਨਿਆਂ ਰਬਾਬ..' ਸੁਰਾਂ ਤੇ ਗਾ ਕੇ ਮਹੌਲ ਹੋਰ ਵੀ ਸੰਗੀਤਮਈ ਬਣਾ ਦਿੱਤਾ। ਟੋਰੰਟੋ ਤੋਂ ਹੀ ਆਈ, ਨਾਮਵਰ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਆਪਣੀ ਕਬਿੱਤ ਛੰਦ 'ਚ ਲਿਖੀ ਕਵਿਤਾ ਨੂੰ ਤਰੰਨਮ ਵਿੱਚ ਸੁਣਾ ਕੇ, ਜੈਕਾਰੇ ਖੱਟੇ। ਲਹੌਰ ਤੋਂ ਡਾ. ਕਲਿਆਣ ਸਿੰਘ ਕਲਿਆਣ ਅਤੇ ਸਾਊਥ ਕੋਰੀਆ ਤੋਂ ਅਮਨਬੀਰ ਸਿੰਘ ਧਾਮੀ ਕਿਸੇ ਖਾਸ ਵਜ੍ਹਾ ਕਾਰਨ ਹਾਜ਼ਰ ਨਹੀਂ ਹੋ ਸਕੇ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਵੀ, ਕਬਿੱਤ ਛੰਦ 'ਚ ਲਿਖੀ ਆਪਣੀ ਕਵਿਤਾ- 'ਸਤਿਗੁਰ ਨਾਨਕ ਪ੍ਰਗਟਿਆ' ਸੰਗਤ ਨਾਲ ਸਾਂਝੀ ਕੀਤੀ।

13 ਨਵੰਬਰ ਦੇ ਕਵੀ ਦਰਬਾਰ ਵਿੱਚ ਵੀ 16 ਕਵੀਆਂ ਨੇ ਭਾਗ ਲਿਆ। ਇਸ ਵਿੱਚ ਮੰਚ ਸੰਚਾਲਨ ਦੀ ਸੇਵਾ- ਗੁਰਦੀਸ਼ ਕੌਰ, ਕਰਮਜੀਤ ਸਿੰਘ ਨੂਰ ਤੇ ਜਗਬੀਰ ਸਿੰਘ ਨੇ ਰਲ਼ ਕੇ ਨਿਭਾਈ। ਪ੍ਰੋਗਰਾਮ ਦੀ ਆਰੰਭਤਾ, ਟੋਰੰਟੋ ਤੋਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਸ਼ਬਦ ਗਾਇਨ ਨਾਲ ਕੀਤੀ। ਉਪਰੰਤ ਇੰਡੀਆ, ਟੋਰੰਟੋ, ਕੈਲਗਰੀ ਤੇ ਐਡਮੰਟਨ ਤੋਂ ਆਏ ਕਵੀ ਕਵਿੱਤਰੀਆਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਅਤੇ ਸਿਖਿਆਵਾਂ ਨੂੰ ਦਰਸਾਉਂਦੀਆਂ ਹੋਈਆਂ, ਆਪਣੀਆਂ ਬਾਕਮਾਲ ਕਵਿਤਾਵਾਂ ਤੇ ਗੀਤਾਂ ਰਾਹੀਂ, ਇਸ ਕਵੀ ਦਰਬਾਰ ਦੀ ਸ਼ੋਭਾ ਵਧਾਈ। ਜਿਸ ਵਿੱਚ ਨਾਮਵਰ ਪੰਥਕ ਸ਼ਾਇਰ- ਇੰਜ. ਕਰਮਜੀਤ ਸਿੰਘ ਨੂਰ ਜਲੰਧਰ, ਕੁਲਵੰਤ ਸਿੰਘ ਰਫੀਕ ਤੇ ਗੁਰਸ਼ਰਨ ਸਿੰਘ ਪਰਵਾਨਾ ਸ਼ਾਹਬਾਦ ਮਾਰਕੰਡਾ, ਪਰਮਜੀਤ ਕੌਰ ਮਹਿਕ ਲੁਧਿਆਣਾ, ਸਰਬਜੀਤ ਕੌਰ ਸਰਬ ਉਤਰਾਖੰਡ, ਬ੍ਰਿਜਮਿੰਦਰ ਕੌਰ ਜੈਪੁਰ, ਸੁਜਾਨ ਸਿੰਘ ਸੁਜਾਨ ਟੋਰੰਟੋ, ਡਾ. ਬਲਦੇਵ ਸਿੰਘ ਐਡਮੰਟਨ, ਜਸਵੀਰ ਕੌਰ ਗਿੱਲ ਕੈਲਗਰੀ, ਅਤੇ ਨਵੀਂ ਪੀੜ੍ਹੀ ਦੀ ਤਰਜਮਾਨੀ ਕਰਦੀਆਂ ਹੋਈਆਂ ਬੱਚੀਆਂ, ਟੋਰੰਟੋ ਤੋਂ- ਅਮਿਤੋਜ਼ ਕੌਰ, ਅਨੁਰੀਤ ਕੌਰ, ਪਰਨੀਤ ਕੌਰ, ਸਿਮਰਲੀਨ ਕੌਰ, ਗੁਰਨੂਰ ਕੌਰ ਅਤੇ ਕੈਲਗਰੀ ਤੋਂ- ਬਿਸਾਜਨੂਰ ਕੌਰ, ਮਨਰੀਤ ਕੌਰ ਨੇ ਵੀ ਹਾਜ਼ਰੀ ਲਵਾਈ।

ਦੋਵੇਂ ਦਿਨ, ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ। ਡਾ. ਬਲਰਾਜ ਸਿੰਘ ਅਤੇ ਜਗਬੀਰ ਸਿੰਘ ਨੇ ਦੂਰੋਂ ਨੇੜਿਉਂ ਪਹੁੰਚੇ ਸਮੂਹ ਕਵੀ ਸਾਹਿਬਾਨ ਦਾ ਸੰਗਤ ਵਲੋਂ ਧੰਨਵਾਦ ਕੀਤਾ ਅਤੇ ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮਹੀਨਾਵਾਰ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ।

ਆਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਨਾਲ ਦੋਵੇਂ ਦਿਨ ਸਮਾਗਮ ਦੀ ਸਮਾਪਤੀ ਹੋਈ। ਸੋ ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡਦੇ ਹੋਏ ਸੰਪੂਰਨ ਹੋਏ।




# ਜ਼ਬਰਦਸਤੀ, ਲਾਲਚ ਜਾਂ ਧੋਖੇ ਨਾਲ ਧਰਮ ਪਰਿਵਰਤਨ ਦਾ ਰੁਝਾਨ 'ਬਹੁਤ ਗੰਭੀਰ' ਮਾਮਲਾ: ਸੁਪਰੀਮ ਕੋਰਟ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਜ਼ਬਰਦਸਤੀ ਧਰਮ ਪਰਿਵਰਤਨ ਨੂੰ 'ਬਹੁਤ ਗੰਭੀਰ' ਮੁੱਦਾ ਕਰਾਰ ਦਿੰਦੇ ਹੋਏ, ਸੁਪਰੀਮ ਕੋਰਟ ਨੇ ਸੋਮਵਾਰ ਨੂੰ ਧੋਖੇ, ਲਾਲਚ ਅਤੇ ਡਰਾ-ਧਮਕਾ ਕੇ ਧਰਮ ਪਰਿਵਰਤਨ ਦਾ ਗੰਭੀਰ ਨੋਟਿਸ ਲਿਆ ਅਤੇ ਕੇਂਦਰ ਨੂੰ ਇਸ ਰੁਝਾਨ ਨੂੰ ਰੋਕਣ ਲਈ ਸੁਹਿਰਦ ਯਤਨ ਕਰਨ ਲਈ ਕਿਹਾ।

ਸੁਪਰੀਮ ਕੋਰਟ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਧਰਮ ਪਰਿਵਰਤਨ ਕਰਨ ਦੇ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ 'ਬਹੁਤ ਮੁਸ਼ਕਲ ਸਥਿਤੀ' ਪੈਦਾ ਹੋ ਜਾਵੇਗੀ ਕਿਉਂਕਿ ਇਹ ਰਾਸ਼ਟਰੀ ਸੁਰੱਖਿਆ ਅਤੇ ਨਾਗਰਿਕਾਂ ਦੇ ਧਰਮ ਅਤੇ ਜ਼ਮੀਰ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਲਈ ਖ਼ਤਰਾ ਬਣ ਸਕਦੇ ਹਨ।

ਜਸਟਿਸ ਐਮਆਰ ਸ਼ਾਹ ਅਤੇ ਹਿਮਾ ਕੋਹਲੀ ਦੀ ਬੈਂਚ ਨੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਲਾਲਚ ਦੇ ਕੇ ਇਸ ਰੁਝਾਨ ਨੂੰ ਰੋਕਣ ਲਈ ਉਪਾਵਾਂ ਦੀ ਸ਼ਨਾਖਤ ਕਰਨ ਲਈ ਕਿਹਾ।

ਬੈਂਚ ਨੇ ਕਿਹਾ, 'ਇਹ ਬਹੁਤ ਗੰਭੀਰ ਮਾਮਲਾ ਹੈ। ਕੇਂਦਰ ਵੱਲੋਂ ਜਬਰੀ ਧਰਮ ਪਰਿਵਰਤਨ ਨੂੰ ਰੋਕਣ ਲਈ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਨਹੀਂ ਤਾਂ ਬਹੁਤ ਮੁਸ਼ਕਲ ਸਥਿਤੀ ਆ ਜਾਵੇਗੀ। ਸਾਨੂੰ ਦੱਸੋ ਕਿ ਤੁਸੀਂ ਕੀ ਕਾਰਵਾਈ ਦਾ ਪ੍ਰਸਤਾਵ ਲੈ ਕੇ ਆਉਂਦੇ ਹੋ...ਤੁਹਾਨੂੰ ਕਦਮ ਚੁੱਕਣਾ ਪਵੇਗਾ।'

ਮਹਿਤਾ ਨੇ ਸੁਪਰੀਮ ਕੋਰਟ ਵਿੱਚ ਕਿਹਾ ਕਿ ਸੰਵਿਧਾਨ ਸਭਾ ਵਿੱਚ ਵੀ ਇਸ ਮੁੱਦੇ 'ਤੇ ਬਹਿਸ ਹੋਈ ਸੀ।

ਮਹਿਤਾ ਨੇ ਦੱਸਿਆ, 'ਇੱਥੇ ਦੋ ਐਕਟ ਸਨ। ਇੱਕ ਓਡੀਸ਼ਾ ਸਰਕਾਰ ਦੁਆਰਾ ਅਤੇ ਦੂਜਾ ਮੱਧ ਪ੍ਰਦੇਸ਼ ਦੁਆਰਾ ਧੋਖੇ, ਝੂਠ ਜਾਂ ਧੋਖਾਧੜੀ, ਪੈਸੇ ਦੁਆਰਾ ਕਿਸੇ ਵੀ ਜ਼ਬਰਦਸਤੀ ਧਰਮ ਪਰਿਵਰਤਨ ਦੇ ਰੁਝਾਨ ਨਾਲ ਨਜਿੱਠਣਾ ਸੀ।'

ਸਾਲੀਸਿਟਰ ਜਨਰਲ ਨੇ ਕਿਹਾ ਕਿ ਕਬਾਇਲੀ ਖੇਤਰਾਂ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਆਮ ਹੈ।



ਮਹਿਤਾ ਨੇ ਕਿਹਾ ਕਿ ਕਈ ਵਾਰ ਪੀੜਤਾਂ ਨੂੰ ਪਤਾ ਨਹੀਂ ਹੁੰਦਾ ਕਿ ਇਹ ਅਪਰਾਧ ਦਾ ਵਿਸ਼ਾ ਹਨ ਅਤੇ ਕਹਿਣਗੇ ਕਿ ਉਨ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਧਰਮ ਦੀ ਆਜ਼ਾਦੀ ਹੋ ਸਕਦੀ ਹੈ ਪਰ ਜ਼ਬਰਦਸਤੀ ਧਰਮ ਪਰਿਵਰਤਨ ਦੀ ਆਜ਼ਾਦੀ ਨਹੀਂ ਹੋ ਸਕਦੀ। 'ਧਰਮ ਦੇ ਕਥਿਤ ਪਰਿਵਰਤਨ ਦੇ ਸਬੰਧ ਵਿੱਚ ਇੱਕ ਬਹੁਤ ਗੰਭੀਰ ਮੁੱਦਾ ਹੈ ਜੋ ਆਖਿਰਕਾਰ ਰਾਸ਼ਟਰ ਦੀ ਸੁਰੱਖਿਆ ਦੇ ਨਾਲ-ਨਾਲ ਧਰਮ ਦੀ ਆਜ਼ਾਦੀ ਅਤੇ ਨਾਗਰਿਕਾਂ ਦੀ ਜ਼ਮੀਰ ਨੂੰ ਪ੍ਰਭਾਵਿਤ ਕਰ ਸਕਦਾ ਹੈ।' ਬੈਂਚ ਨੇ ਕਿਹਾ, 'ਇਸ ਲਈ ਬਿਹਤਰ ਹੈ ਕਿ ਕੇਂਦਰ ਸਰਕਾਰ ਆਪਣਾ ਸਟੈਂਡ ਸਪੱਸ਼ਟ ਕਰੇ ਅਤੇ ਜਵਾਬ ਦੇਵੇ ਕਿ ਕੇਂਦਰ ਜਾਂ ਹੋਰਨਾਂ ਰਾਜਾਂ ਦੁਆਰਾ ਅਜਿਹੇ ਜ਼ਬਰਦਸਤੀ ਧਰਮ ਪਰਿਵਰਤਨ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ। ਸਰਵਉਚ ਅਦਾਲਤ ਨੇ ਕੇਂਦਰ ਨੂੰ ਇਸ ਮੁੱਦੇ 'ਤੇ ਆਪਣਾ ਜਵਾਬ ਦਾਖਲ ਕਰਨ ਲਈ 22 ਨਵੰਬਰ, 2022 ਤੱਕ ਦਾ ਸਮਾਂ ਦਿੱਤਾ ਅਤੇ ਮਾਮਲੇ ਦੀ ਸੁਣਵਾਈ 28 ਨਵੰਬਰ ਨੂੰ ਪਾ ਦਿੱਤੀ। ਸੁਪਰੀਮ ਕੋਰਟ ਐਡਵੋਕੇਟ ਅਸ਼ਵਨੀ ਕੁਮਾਰ ਉਪਾਧਿਆਏ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।


# 'ਗਦਰ' ਲਹਿਰ ਦਾ ਛੋਟੀ ਉਮਰੇ ਵੱਡਾ ਜਰਨੈਲ ਕਰਤਾਰ ਸਿੰਘ ਸਰਾਭਾ



ਗੁਰਜੀਵਨ ਸਿੰਘ ਸਿੱਧੂ ਨਥਾਣਾ
9417079435

ਕਰਤਾਰ ਸਿੰਘ ਸਰਾਭਾ ਦੇਸ਼ ਦੇ ਇੱਕ ਉੱਘੇ ਅਜ਼ਾਦੀ ਘੁਲਾਟੀਏ ਅਤੇ ਇਨਕਲਾਬੀ 'ਗਦਰ' ਪਾਰਟੀ ਦੇ ਸਰਗਰਮ ਆਗੂ ਸਨ। ਕਰਤਾਰ ਸਿੰਘ ਸਰਾਭੇ ਦਾ ਜਨਮ 24 ਮਈ 1896 'ਚ ਪੰਜਾਬ ਦੇ ਲੁਧਿਆਣਾ ਜ਼ਿਲ੍ਹਾ, ਪਿੰਡ ਸਰਾਭਾ ਵਿੱਚ ਸ੍ਰ: ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ। ਕਰਤਾਰ ਸਿੰਘ ਨੂੰ ਛੋਟੀ ਉਮਰੇ ਹੀ ਮਾਂ-ਪਿਓ ਦੀ ਮੌਤ ਦੇ ਵਿਛੋੜੇ ਦਾ ਸੱਲ੍ਹ ਚੱਲਣਾ ਪਿਆ ਸੀ ਤੇ ਉਸਦਾ ਪਾਲਣ-ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ,ਜੋ ਕਰਤਾਰ ਸਿੰਘ ਨੂੰ ਬੇਹੱਦ ਪਿਆਰ ਕਰਦਾ ਸੀ। ਕਰਤਾਰ ਸਿੰਘ ਦੀ ਇੱਕ ਭੈਣ ਵੀ ਸੀ ਜਿਸ ਦਾ ਨਾਂ ਧੰਨ ਕੌਰ ਸੀ। ਸਰਾਭੇ ਦਾ ਦਾਦਾ ਬਚਨ ਸਿੰਘ ਉਸਨੂੰ ਖੇਤੀਬਾੜੀ ਦੇ ਕੰਮ ਵਿੱਚ ਨਹੀਂ ਸੀ ਪਾਉਣਾ ਚਾਹੁੰਦਾ,ਉਸਦੀ ਇੱਛਾ ਸੀ ਕਿ ਕਰਤਾਰ ਸਿੰਘ ਉੱਚ ਵਿੱਦਿਆ ਪ੍ਰਾਪਤ ਕਰਕੇ ਵੱਡਾ ਅਫਸਰ ਬਣੇ ਅਤੇ ਖਾਨਦਾਨ ਦਾ ਨਾਮ ਰੌਸ਼ਨ ਕਰੇ। ਕਰਤਾਰ ਸਿੰਘ ਨੂੰ ਮੁੱਢਲੀ ਪੜ੍ਹਾਈ ਲਈ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਨੇ ਪਾਇਆ ਤੇ ਅੱਗੇ ਉਹ ਨੇੜਲੇ ਪਿੰਡ ਗੁਜ਼ਰਵਾਲ ਦੇ ਸਕੂਲ 'ਚ ਪੜ੍ਹਿਆ। ਅਗਲੀ ਪੜ੍ਹਾਈ ਲਈ ਉਸਨੇ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਦਾਖਲਾ ਲਿਆ। ਕਰਾਤਰ ਸਿੰਘ ਪੜ੍ਹਾਈ ਵਿੱਚ ਹੁਸ਼ਿਆਰ,ਤੇਜ਼ ਤਰਾਰ ਤੇ ਹੱਸਮੁੱਖ ਸੁਭਾਅ ਦਾ ਹੋਣ ਕਰਕੇ ਆਪਣੇ ਸਕੂਲ ਦੇ ਸਾਥੀਆਂ ਵਿੱਚ ਆਗੂ ਵੱਜੋਂ ਜਾਣਿਆ ਜਾਣ ਲੱਗ ਪਿਆ ਸੀ। ਉਸ ਵਿੱਚ ਸ਼ੁਰੂ ਤੋਂ ਹੀ ਲੀਡਰਸ਼ਿਪ ਦੇ ਗੁਣ ਸਨ ਤੇ ਕਈ ਵਾਰ ਤਾਂ ਉਸਦੇ ਸਾਥੀ ਉਸਨੂੰ ਪਿਆਰ ਨਾਲ ਉਡਣਾ ਸੱਪ ਕਹਿਕੇ ਵੀ ਬਲਾਉਂਦੇ ਸਨ। ਇਸ ਪਿੱਛੋਂ ਉਹ ਉਚੇਰੀ ਪੜ੍ਹਾਈ ਲਈ ਆਪਣੇ ਚਾਚੇ ਕੋਲ ਉੜੀਸਾ ਦੇ ਕਟਕ ਸ਼ਹਿਰ ਚਲਿਆ ਗਿਆ,ਜਿੱਥੇ ਉਸਦਾ ਚਾਚਾ ਡਾਕਟਰ ਵੱਜੋਂ ਕੰਮ ਕਰਦਾ ਸੀ। ਇੱਥੇ ਉਸਨੇ ਅੰਗਰੇਜ਼ੀ ਭਾਸ਼ਾ ਲਿਖਣੀ ਤੇ ਬੋਲਣੀ ਵੀ ਸਿੱਖ ਲਈ ਸੀ। ਸਰਾਭਾ ਸਕੂਲੀ ਕਿਤਾਬਾਂ ਤੋਂ ਇਲਾਵਾ ਹੋਰ ਸਾਹਿਤ ਪੜ੍ਹਨ ਵਿੱਚ ਦਿਲਚਸਪੀ ਰੱਖਦਾ ਸੀ,ਇਸ ਲਈ ਉਸ ਤੇ ਰਾਜਨੀਤਿਕ ਜਾਗ੍ਰਤੀ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਸੀ ਤੇ ਉਸਦੇ ਅੰਦਰ ਦੇਸ਼ ਪ੍ਰੇਮ ਦੀ ਸੇਵਾ ਭਾਵਨਾ ਵੀ ਜਾਗਣੀ ਸ਼ੁਰੂ ਹੋ ਗਈ ਸੀ। ਕਰਤਾਰ ਸਿੰਘ ਨੇ ਆਪਣੇ ਦਾਦਾ ਜੀ ਦੀ ਸਲਾਹ ਨਾਲ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਲਈ ਫੈਸਲਾ ਕਰ ਲਿਆ ਅਤੇ 1912 ਵਿੱਚ ਅਮਰੀਕਾ ਪਹੁੰਚ ਗਿਆ,ਜਿੱਥੇ ਉਸਨੂੰ ਇੱਕ ਸਪੈਸ਼ਲ ਪੜਤਾਲੀਆ ਬੋਰਡ ਦੇ ਸਖਤ ਸਾਵਾਲਾਂ ਦੇ ਜਵਾਬ ਦੇਣੇ ਪਏ ਤਾਂ ਕਿਤੇ ਜਾ ਕੇ ਅੱਗੇ ਅਮਰੀਕਾ ਵਿੱਚ ਜਾਣ ਦੀ ਅਗਿਆ ਮਿਲੀ। ਇੰਨੀ ਸਖਤੀ ਵਰਤੇ ਜਾਣ ਦਾ ਕਾਰਨ ਜਦੋਂ ਸਰਾਭੇ ਨੇ ਆਪਣੇ ਇੱਕ ਨੇੜਲੇ ਮੁਸਾਫਰ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਤੁਸੀਂ ਇੱਕ ਗੁਲਾਮ ਦੇਸ਼ ਦੇ ਵਾਸੀ ਹੋ,ਇਸ ਕਰਕੇ ਤੁਹਾਡੇ ਨਾਲ ਜਿਆਦਾ ਸਖਤੀ ਵਰਤੀ ਗਈ ਹੈ। ਕਰਤਾਰ ਸਿੰਘ ਸਰਾਭਾ ਨੂੰ ਇਸ 'ਗੁਲਾਮ ਦੇਸ਼' ਵਾਲੀ ਗੱਲ ਨੇ ਅੰਦਰੋਂ ਹਲੂਣ ਦਿੱਤਾ। ਅਮਰੀਕਾ ਵਿੱਚ ਕਰਤਾਰ ਸਿੰਘ ਜਿਸ ਘਰ ਵਿੱਚ ਕਿਰਾਏ ਤੇ ਰਹਿ ਰਿਹਾ ਸੀ,ਉਸ ਘਰ ਦੀ ਮਾਲਕਨ ਵੱਲੋਂ ਅਮਰੀਕਾ ਦੀ ਆਜ਼ਾਦੀ ਦਿਹਾੜੇ ਨੂੰ ਮਨਾਉਣ ਲਈ ਕੁੱਝ ਤਸਵੀਰਾਂ ਤੇ ਬੜੀ ਸ਼ਰਧਾ ਨਾਲ ਫੁੱਲਾਂ ਦੇ ਹਾਰ ਪਾਏ ਜਾ ਰਹੇ ਸਨ ਤਾਂ ਸਰਾਭੇ ਨੇ ਇਹ ਸਭ ਕੁੱਝ ਜਾਣਨਾ ਚਾਹਿਆ ਤਾਂ ਉਸ ਔਰਤ ਨੇ ਦੱਸਿਆ ਕਿ ਇੰਨਾਂ ਮਹਾਨ ਵਿਅਕਤੀਆਂ ਨੇ ਅਮਰੀਕਾ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਇਆ ਹੈ। ਸਰਾਭਾ ਇਹ ਸੁਣ ਕੇ ਬੜਾ ਹੀ ਉਦਾਸ ਹੋਇਆ ਕਿ ਇਹੋ ਜਿਹਾ ਕਰਮਾ ਵਾਲਾ ਦਿਨ ਸਾਡੇ ਹਿੰਦੋਸਤਾਨੀਆਂ ਦੇ ਹਿੱਸੇ ਕਦੋਂ ਆਵੇਗਾ। ਅਮਰੀਕਾ ਦੀ ਯੂਨੀਵਰਸਿਟੀ ਵਿੱਚ ਸਰਾਭੇ ਨੇ ਪੜ੍ਹਾਈ ਸ਼ੁਰੂ ਕਰ ਦਿੱਤੀ। ਯੂਨੀਵਰਸਿਟੀ ਵਿੱਚ ਕਾਫੀ ਗਿਣਤੀ 'ਚ ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ,ਜਿੰਨਾਂ ਵਿੱਚ ਜਿਆਦਾ ਪੰਜਾਬੀ ਤੇ ਬੰਗਾਲੀ ਸਨ। ਪੰਜਾਬੀ ਇੱਕ ਵੱਖਰੇ ਹੋਸਟਲ ਵਿੱਚ ਅਤੇ ਬੰਗਾਲੀ ਤੇ ਮਦਰਾਸੀ ਆਦਿ ਸੂਬਿਆਂ ਦੇ ਵਿਦਿਆਰਥੀ ਇੱਕ ਹੋਸਟਲ ਵਿੱਚ ਰਹਿੰਦੇ ਸਨ ਪਰ ਭਾਰਤੀ ਹੋਣ ਕਰਕੇ ਉਹ ਸਾਰੇ ਆਪਸ ਵਿੱਚ ਇੱਕ ਦੂਜੇ ਨਾਲ ਭਰਾਵਾਂ ਵਾਂਗ ਹੀ ਵਿਚਰਦੇ ਸਨ। ਇੰਨ੍ਹਾਂ

**ਕਰਤਾਰ ਸਿੰਘ ਨੇ ਆਪਣੇ ਦਾਦਾ ਜੀ ਦੀ ਸਲਾਹ ਨਾਲ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਲਈ ਫੈਸਲਾ ਕਰ ਲਿਆ ਅਤੇ 1912 ਵਿੱਚ ਅਮਰੀਕਾ ਪਹੁੰਚ ਗਿਆ,ਜਿੱਥੇ ਉਸਨੂੰ ਇੱਕ ਸਪੈਸ਼ਲ ਪੜਤਾਲੀਆ ਬੋਰਡ ਦੇ ਸਖਤ ਸਾਵਾਲਾਂ ਦੇ ਜਵਾਬ ਦੇਣੇ ਪਏ ਤਾਂ ਕਿਤੇ ਜਾ ਕੇ ਅੱਗੇ ਅਮਰੀਕਾ ਵਿੱਚ ਜਾਣ ਦੀ ਅਗਿਆ ਮਿਲੀ।**




ਵਿਦਿਆਰਥੀਆਂ ਵਿੱਚ ਗਦਰ ਦੀ ਲਹਿਰ ਪੈਦਾ ਕਰਨ ਲਈ ਲਾਲਾ ਹਰਦਿਆਲ ਤੇ ਇੱਕ ਬੰਗਾਲੀ ਇਨਕਲਾਬੀ ਨੇ ਜ਼ੋਸ ਭਰਨਾ ਸ਼ੁਰੂ ਕਰ ਦਿੱਤਾ। ਚੇਤੰਨ ਬੁੱਧੀ ਹੋਣ ਕਰਕੇ ਸਰਾਭੇ ਦੀ ਵਿਦਿਆਰਥੀਆਂ ਵਿੱਚ ਹਰ ਗੱਲ ਮੰਨੀ ਜਾਂਦੀ ਸੀ ਤੇ ਉਹ ਇਨਕਲਾਬੀ ਵਿਦਿਆਰਥੀਆਂ ਦਾ ਆਗੂ ਬਣ ਗਿਆ। ਵੱਖ-ਵੱਖ ਸ਼ਹਿਰਾਂ ਵਿੱਚ ਭਾਰਤੀਆਂ ਦੀਆਂ ਜਥੇਬੰਦੀਆਂ ਬਣਨ ਲੱਗੀਆ। 21 ਅਪ੍ਰੈਲ 1913 ਨੂੰ ਵੱਖ ਵੱਖ ਥਾਵਾਂ ਦੀਆਂ ਜਥੇਬੰਦੀਆਂ ਦੇ ਸਰਗਰਮ ਆਗੂਆਂ ਦੀ ਇੱਕ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਕਰਤਾਰ ਸਿੰਘ ਸਰਾਭੇ ਨੇ ਆਪਣਾ ਨਾਤਾ ਪੱਕੇ ਤੌਰ ਤੇ 'ਗਦਰ' ਲਹਿਰ ਨਾਲ ਜੋੜ ਲਿਆ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਲਈ ਆਪਣੀ ਜਾਨ ਕੁਰਬਾਨ ਕਰਨ ਦਾ ਵੀ ਨਿਰਣਾ ਕਰ ਲਿਆ। ਕੁੱਝ ਲਿਖਤਾਂ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਰਾਭੇ ਨੇ ਹਵਾਈ ਜਹਾਜ ਉਡਾਉਣ ਅਤੇ ਮੁਰੰਮਤ ਕਰਨ ਦੀ ਸਿਖਲਾਈ ਜਰਮਨ ਦੀ ਇੱਕ ਕੰਪਨੀ ਤੋਂ ਲਈ ਸੀ। ਪਾਰਟੀ ਦਾ ਮੁੱਖ ਦਫਤਰ ਸਾਫਰਾਂਸਿਸਕੋ ਵਿੱਚ ਸਥਾਪਿਤ ਕੀਤਾ ਹੋਇਆ ਸੀ। ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਲਈ ਇੱਕ 'ਗਦਰ' ਨਾਂਅ ਦਾ ਹਫਤਾਵਰੀ ਅਖਬਾਰ ਛਾਪਣ ਦਾ ਫੈਸਲਾ ਕੀਤਾ ਗਿਆ। ਸਰਾਭੇ ਨੇ 'ਗਦਰ' ਅਖਬਾਰ ਦਾ ਪ੍ਰਕਾਸ਼ਨ ਸ਼ੁਰੂ ਕਰਵਾਉਣ ਵਿੱਚ ਵੀ ਅਹਿਮ ਰੋਲ ਨਿਭਾਇਆ ਸੀ। ਇਸ ਅਖਬਾਰ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਦੇ ਦਿਲਾਂ ਵਿੱਚ ਆਜ਼ਾਦੀ ਦਾ ਮਹੱਤਵ ਅਤੇ ਕੁਰਬਾਨੀਆਂ ਦੇਣ ਲਈ ਉਭਾਰਿਆ। ਸਰਾਭੇ ਨੇ 'ਗਦਰ' ਅਖਬਾਰ ਦੀ ਸੰਪਾਦਕੀ ਤੇ ਪੱਤਰਕਾਰੀ ਤੋਂ ਇਲਾਵਾ ਕਵਿਤਾਵਾਂ ਵੀ ਲਿਖੀਆਂ ਜੋ ਹਿੰਦੋਸਤਾਨੀਆਂ ਵਿੱਚ ਆਜ਼ਾਦੀ ਲਈ ਜ਼ੋਸ ਪੈਦਾ ਕਰਦੀਆਂ ਸਨ:

**ਜੇ ਕੋਈ ਪੁਛੇ ਕਿ ਕੌਨ ਹੋ ਤੁਮ,ਤੇ ਕਹਿ ਦੋ ਬਾਗੀ ਹੈ ਨਾਮ ਮੇਰਾ,**
**ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,ਗਦਰ ਕਰਨਾ ਹੈ ਕਾਮ ਅਪਨਾ।**
**ਨਮਾਜ, ਸੰਧਿਆ, ਯਹੀ ਹਮਾਰੀ,ਔਰ ਪਾਠ ਪੂਜਾ ਸਭੀ ਯਹੀ ਹੈ,**
**ਧਰਮ ਕਰਮ ਸਭ ਯਹੀ ਹੈ ਹਮਾਰਾ,ਯਹੀ ਖੁਦਾ ਔਰ ਰਾਮ ਅਪਨਾ।**

ਸਰਾਭੇ ਨੂੰ ਉਸਦੀ ਕਾਬਲੀਅਤ ਤੇ ਨਿੱਡਰਤਾ ਨੇ ਆਪ ਤੋਂ ਵੱਡੀ ਉਮਰ ਦੇ ਗਦਰੀ ਆਗੂਆਂ ਨਾਲੋਂ ਛੋਟੀ ਉਮਰੇ ਹੀ ਗਦਰ ਪਾਰਟੀ ਦਾ ਨਿਧੱੜਕ ਜਰਨੈਲ ਬਣਾ ਦਿੱਤਾ ਸੀ। ਉਸਦੀ ਦਲੇਰੀ ਦੀਆਂ ਕਈ ਅਜਿਹੀਆਂ ਘਟਨਾਵਾਂ ਵੀ ਮਿਲਦੀਆਂ ਹਨ,ਜਦ ਉਹ ਪੁਲਿਸ ਦੇ ਸਾਹਮਣੇ ਆਉਣ ਤੇ ਵੀ ਉਹ ਆਪਣੀ ਹੁਸ਼ਿਆਰੀ ਨਾਲ ਪੁਲਿਸ ਨੂੰ ਸਹਿਜੇ ਹੀ ਪਤਾ ਨਹੀਂ ਲੱਗਣ ਦਿੰਦਾ ਸੀ ਕਿ ਉਹ ਕਰਤਾਰ ਸਿੰਘ ਸਰਾਭਾ ਹੈ। ਸਰਾਭੇ ਦਾ ਭਾਸ਼ਣ ਇੰਨ੍ਹਾਂ ਜ਼ੋਸੀਲਾ ਅਤੇ ਉਤਸ਼ਾਹ ਭਰਪੂਰ ਹੁੰਦਾ ਸੀ ਕਿ ਉਸਨੂੰ ਸੁਣਨ ਵਾਲੇ ਮੌਤੋਂ ਤੋਂ ਬੇਪ੍ਰਵਾਹ ਹੋ ਜਾਂਦੇ ਸਨ। ਸਰਾਭੇ ਵਿੱਚ ਇਹ ਖਾਸ਼ੀਅਤ ਸੀ ਕਿ ਉਹ ਆਪਣੇ ਸੰਗੀ ਸਾਥੀਆਂ ਦੀਆਂ ਲੋੜਾਂ,ਮਸ਼ਕਲਾਂ ਅਤੇ ਖੁਸ਼ੀਆਂ ਦਾ ਵੀ ਬਹੁਤ ਖਿਆਲ ਰੱਖਦਾ ਸੀ। ਬਾਬਾ ਸੋਹਣ ਸਿੰਘ ਭਕਨਾ,ਸਰਾਭੇ ਦੀ ਛੋਟੀ ਉਮਰੇ ਹੋਣ ਤੇ ਉਸਦੀ ਕਾਬਲੀਅਤ ਨੂੰ ਵੇਖਦਿਆਂ ਮਾਣ ਵੱਜੋਂ ਗਦਰ ਪਾਰਟੀ ਦਾ ਜਰਨੈਲ ਕਹਿ ਕੇ ਬੁਲਾਉਂਦੇ ਸਨ। 'ਗਦਰ' ਲਹਿਰ ਵਿੱਚ ਸਰਾਭੇ ਦੀ ਜਿਸ ਕੰਮ ਲਈ ਡਿਊਟੀ ਲਾਈ ਜਾਂਦੀ ਸੀ ਉੱਥੇ ਉਹ ਤਨਦੇਹੀ ਨਾਲ ਆਪਣਾ ਕੰਮ ਨੇਪਰੇ ਚੜ੍ਹਾਉਣ ਵਿੱਚ ਸਫਲ ਹੁੰਦਾ ਸੀ। ਜਿਸ ਕਾਰਨ ਅੰਗਰੇਜ਼ ਹਕੂਮਤ ਸਰਾਭੇ ਨੂੰ ਹੀ ਸਭ ਤੋਂ ਖਤਰਨਾਕ ਕ੍ਰਾਂਤੀਕਾਰੀ ਸਮਝਣ ਲੱਗ ਪਈ ਸੀ। ਸਰਾਭਾ 'ਗਦਰ' ਲਹਿਰ ਲਈ ਮਨੁੱਖੀ ਜਾਮੇ ਵਿੱਚ ਇੱਕ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਸੀ। 19 ਫਰਵਰੀ 1915 ਨੂੰ ਬਹੁਤ ਸਾਰੇ ਕ੍ਰਾਂਤੀਕਾਰੀ ਉਸ ਸਮੇਂ ਦੀ ਸਰਕਾਰ ਨੇ ਗ੍ਰਿਫਤਾਰ ਕਰ ਲਏ ਸਨ,ਜਿੰਨ੍ਹਾਂ ਵਿੱਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਿਲ ਸੀ। ਮੁਕੱਦਮਾ ਚਲਦਿਆਂ ਕੁੱਝ ਕ੍ਰਾਂਤੀਕਾਰੀਆਂ ਨੂੰ ਕਾਲੇ ਪਾਣੀ ਦੀਆਂ ਸਜਾਵਾਂ ਦਿੱਤੀਆਂ ਗਈਆਂ।13 ਸਤੰਬਰ 1915 ਨੂੰ ਮੁਕੱਦਮੇ ਦਾ ਫੈਸਲਾ ਸੁਣਾਕੇ ਕਰਤਾਰ ਸਿੰਘ ਸਰਾਭਾ ਤੇ ਉਸਦੇ ਛੇ ਹੋਰ ਸਾਥੀਆਂ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਗਈ ਅਤੇ 16 ਨਵੰਬਰ 1915 ਵਿੱਚ ਲਾਹੌਰ ਦੀ ਜ਼ੇਲ੍ਹ 'ਚ ਫਾਂਸੀ ਲਗਾਕੇ ਸ਼ਹੀਦ ਕਰ ਦਿੱਤਾ ਗਿਆ। ਉਸ ਸਮੇਂ ਕਰਤਾਰ ਸਿੰਘ ਸਰਾਭੇ ਦੀ ਉਮਰ 19 ਸਾਲ ਦੀ ਸੀ। ਕਰਤਾਰ ਸਿੰਘ ਸਰਾਭਾ ਆਪਣੀ ਛੋਟੀ ਉਮਰੇ ਦੇਸ਼ ਦੀ ਆਜ਼ਾਦੀ ਲਈ ਦਲੇਰਾਨਾ ਵੱਡੇ ਕਦਮ ਪੁੱਟਦਿਆਂ 'ਗਦਰ' ਲਹਿਰ ਦੇ ਇੱਕ ਸੱਚੇ-ਸੁੱਚੇ ਮਹਾਨ ਜਰਨੈਲ ਬਣੇ। ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ ਵੀ ਸਰਾਭਾ ਨੂੰ ਆਪਣਾ ਆਦਰਸ਼ ਮੰਨਦਾ ਸੀ ਤੇ ਉਨ੍ਹਾ ਦੀ ਤਸਵੀਰ ਹਰ ਸਮੇਂ ਆਪਣੀ ਜੇਬ ਵਿੱਚ ਰੱਖਦਾ ਸੀ ਅਤੇ ਸਰਾਭੇ ਵੱਲੋਂ ਲਿਖੀਆਂ ਸਤਰਾਂ:

**ਸੇਵਾ ਦੇਸ਼ ਦੀ ਜ਼ਿੰਦੜੀਏ ਬਹੁਤ ਔਖੀ,**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿੰਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,**
**ਉਨ੍ਹਾਂ ਲੱਖ ਮੁਸ਼ੀਬਤਾਂ ਝੱਲੀਆਂ ਨੇ।**

ਸ਼ਹੀਦੇ-ਆਜ਼ਮ ਸ੍ਰ: ਭਗਤ ਸਿੰਘ ਹਮੇਸ਼ਾ ਗੁਣਗਾਉਂਦਾ ਰਹਿੰਦਾ ਸੀ।

# ਪੰਜਾਬ 'ਚ ਗੰਨ ਕਲਚਰ 'ਤੇ ਸੀ.ਐਮ.ਮਾਨ ਦੀ ਸਖ਼ਤੀ

## ਅਸਲਾ ਲਾਇਸੈਂਸ ਦੀ ਹੋਵੇਗੀ ਸਮੀਖਿਆ, ਸੋਸ਼ਲ ਮੀਡੀਆ 'ਤੇ ਹਥਿਆਰਾਂ ਨਾਲ ਫੋਟੋਆਂ ਪਾਉਣ 'ਤੇ ਪਾਬੰਦੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ 'ਚ ਪਿਛਲੇ ਦਿਨੀਂ ਹਿੰਦੂ ਨੇਤਾ ਅਤੇ ਡੇਰਾ ਪ੍ਰੇਮੀ ਦੇ ਕਤਲ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਸਖ਼ਤ ਕਦਮ ਚੁੱਕਦਿਆਂ ਅਸਲ੍ਹਾ ਲਾਇਸੈਂਸ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਹੈ। ਇੰਨਾ ਹੀ ਨਹੀਂ, ਹੁਣ ਤੱਕ ਜਾਰੀ ਕੀਤੇ ਗਏ ਸਾਰੇ ਅਸਲਾ ਲਾਇਸੈਂਸਾਂ ਦੀ ਅਗਲੇ ਤਿੰਨ ਮਹੀਨਿਆਂ ਵਿੱਚ ਜਾਂਚ ਕਰਨ ਦੇ ਵੀ ਹੁਕਮ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਇਸ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਸਾਰੇ ਜ਼ਿਲ੍ਹਿਆਂ ਨੂੰ ਭੇਜ ਦਿੱਤਾ ਹੈ।

ਸੀਐਮ ਭਗਵੰਤ ਮਾਨ ਦੀ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਬੰਦੂਕ ਕਲਚਰ ਖ਼ਿਲਾਫ਼ ਸਖ਼ਤ ਕਦਮ ਚੁੱਕਣ ਦੀ ਗੱਲ ਕਹੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਹੁਣ ਤੱਕ ਜਾਰੀ ਕੀਤੇ ਸਾਰੇ ਅਸਲਾ ਲਾਇਸੈਂਸਾਂ ਦੀ ਅਗਲੇ 3 ਮਹੀਨਿਆਂ ਵਿੱਚ ਪੂਰੀ ਸਮੀਖਿਆ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਨਵੇਂ ਅਸਲ੍ਹਾ ਲਾਇਸੈਂਸ ਬਣਾਉਣ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਜਦੋਂ ਤੱਕ ਡੀਸੀ ਨਿੱਜੀ ਤੌਰ 'ਤੇ ਸੰਤੁਸ਼ਟ ਨਹੀਂ ਹੁੰਦੇ ਨਵਾਂ ਅਸਲਾ ਲਾਇਸੈਂਸ ਜਾਰੀ ਨਹੀਂ ਕੀਤਾ ਜਾਵੇਗਾ। ਇੰਨਾ ਹੀ ਨਹੀਂ



ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ 'ਤੇ ਵੀ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਪੁਲਿਸ ਨੂੰ ਸੂਬੇ ਵਿੱਚ ਅਚਨਚੇਤ ਚੈਕਿੰਗ ਦੇ ਆਦੇਸ਼ ਵੀ ਜਾਰੀ ਕੀਤੇ ਗਏ ਹਨ।

### ਨਫਰਤ ਫੈਲਾਉਣ ਵਾਲੇ ਖਿਲਾਫ ਮਾਮਲਾ ਦਰਜ ਕੀਤਾ ਜਾਵੇਗਾ

ਸੀਐਮ ਭਗਵੰਤ ਮਾਨ ਨੇ ਨਫਰਤ ਭਰੇ ਭਾਸ਼ਣਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਕੋਈ ਕਿਸੇ ਜਾਤੀ, ਭਾਈਚਾਰੇ ਦੇ ਖਿਲਾਫ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਦਾ ਹੈ ਜਾਂ ਕਿਸੇ ਹੋਰ ਦੀ ਨਿੱਜੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

### ਗੀਤਾਂ ਵਿੱਚ ਬੰਦੂਕ ਸੱਭਿਆਚਾਰ ਨੂੰ ਪ੍ਰਮੋਟ ਨਹੀਂ ਕੀਤਾ ਜਾਵੇਗਾ

ਮਾਨ ਸਰਕਾਰ ਨੇ ਗੀਤਾਂ 'ਚ ਬੰਦੂਕ ਕਲਚਰ ਨੂੰ ਪ੍ਰਮੋਟ ਕਰਨ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪਾਬੰਦੀ ਲਗਾਈ ਜਾਵੇਗੀ। ਇੰਨਾ ਹੀ ਨਹੀਂ ਲੋਕਾਂ ਦੇ ਇਕੱਠਾਂ, ਧਾਰਮਿਕ ਪ੍ਰੋਗਰਾਮਾਂ, ਵਿਆਹਾਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਜਾਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਜਨਤਕ ਜੀਵਨ ਅਤੇ ਜਾਇਦਾਦ ਨੂੰ ਖਤਰੇ ਵਿੱਚ ਪਾਉਂਦਾ ਹੈ। ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਐਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਗਏ ਹਨ।

### 33 ਪੁਲਿਸ ਅਧਿਕਾਰੀਆਂ ਦੇ ਵੀ ਤਬਾਦਲੇ ਕੀਤੇ ਗਏ

ਪੰਜਾਬ ਵਿੱਚ ਪਿਛਲੇ ਦਿਨੀਂ ਹੋਈਆਂ ਹਿੰਸਕ ਘਟਨਾਵਾਂ ਤੋਂ ਬਾਅਦ ਸੂਬਾ ਸਰਕਾਰ ਦਾ ਇਹ ਦੂਜਾ ਸਖ਼ਤ ਕਦਮ ਹੈ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਮਾਨ ਸਰਕਾਰ ਨੇ ਸੂਬੇ ਦੇ 33 ਆਈਪੀਐਸ ਅਤੇ ਪੀਪੀਐਸ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਸਨ। ਇਸ ਤਹਿਤ ਸੂਬੇ ਦੇ ਤਿੰਨੋਂ ਵੱਡੇ ਸ਼ਹਿਰਾਂ ਦੇ ਪੁਲਿਸ ਕਮਿਸ਼ਨਰ ਵੀ ਬਦਲੇ ਗਏ ਹਨ। ਇਸ ਤੋਂ ਇਲਾਵਾ ਐਸਟੀਐਫ ਅਤੇ ਏਜੀਟੀਐਫ ਦੇ ਪੁਲਿਸ ਅਧਿਕਾਰੀਆਂ ਦੇ ਵੀ ਤਬਾਦਲੇ ਕੀਤੇ ਗਏ।

# ਡੇਰਾ ਬਿਆਸ ਦੀਆਂ ਕੰਧਾਂ 'ਤੇ ਲਿਖੇ ਗਏ ਖ਼ਾਲਿਸਤਾਨੀ ਨਾਅਰੇ



ਫਿਰੋਜ਼ਪੁਰ (ਪੰਜਾਬੀ ਅਖਬਾਰ ਬਿਊਰੋ)- ਫਿਰੋਜ਼ਪੁਰ ਦੇ ਹਲਕਾ ਤਲਵੰਡੀ ਭਾਈ 'ਚ ਸਥਿਤ ਡੇਰਾ ਰਾਧਾ ਸਵਾਮੀ ਦੀਆਂ ਕੰਧਾਂ 'ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂੰ ਵਲੋਂ ਇਕ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਇਸ ਵਿਚ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਕੇਂਦਰ ਦੇ ਸਾਥ ਨਾ ਦੇਣ ਲਈ ਧਮਕੀ ਵੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਅੱਤਵਾਦੀ ਪੰਨੂੰ ਨੇ ਡੇਰਾ ਮੁਖੀ ਨੂੰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਵੀ ਰੋਕਿਆ ਸੀ।

ਤੁਹਾਨੂੰ ਦੱਸ ਦਈਏ ਵਿਦੇਸ਼ ਬੈਠੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂੰ ਵੱਲੋਂ ਲਗਾਤਾਰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਇਕ ਵਾਰ ਫਿਰੋਜ਼ਪੁਰ ਵਿਚ ਖਾਲਿਸਤਾਨ ਦੇ ਨਾਅਰੇ ਲਿਖਣ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਅੱਜ ਫਿਰ ਕਸਬਾ ਤਲਵੰਡੀ ਭਾਈ ਵਿਚ ਡੇਰਾ ਰਾਧਾ ਸਵਾਮੀ ਦੀਆਂ ਕੰਧਾਂ 'ਤੇ ਸਿੱਖ ਫਾਰ ਜਸਟਿਸ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ ਹਨ। ਇਸ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਵਲੋਂ ਕੰਧਾਂ 'ਤੇ ਲਿਖੇ ਨਾਅਰੇ ਕਾਲੇ ਰੰਗ ਨਾਲ ਮਿਟਾਏ ਗਏ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੂਸਰੇ ਪਾਸੇ ਜਦੋਂ ਪੁਲਸ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪੁਲਸ ਇਸ ਮਾਮਲੇ 'ਤੇ ਕੁੱਝ ਵੀ ਬੋਲਣ ਲਈ ਤਿਆਰ ਨਹੀਂ ਸੀ ਅਤੇ ਨਾ ਹੀ ਡੇਰਾ ਰਾਧਾਸਵਾਮੀ ਦੇ ਪ੍ਰਬੰਧਕ ਕੁੱਝ ਬੋਲ ਰਹੇ ਹਨ।










# ਤੁਰ ਗਿਆ ਸਾਡਾ ਸਾਥੀ-ਸਾਡਾ ਰਹਿਨੁਮਾ - ਕਾਮਰੇਡ ਰਣਧੀਰ ਸਿੰਘ ਗਿੱਲ

## ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ - ਸੁਰਜੀਤ ਪਾਤਰ



ਬਚਿੱਤਰ ਸਿੰਘ ਗਿੱਲ
587 832 2531
(ਗਾਦੜੀ-ਜ਼ੀਰਾ)
ਕੈਲਗਰੀ, ਕੈਨੇਡਾ


ਇਸ ਤਰ੍ਹਾਂ ਦਾ ਗਾਡੀ ਰਾਹ ਬਣਾਉਣ ਵਾਲੇ ਲੋਕ ਆਮ ਲੋਕਾਂ ਨਾਲੋਂ ਵੱਖਰੇ-ਨਿਆਰੇ ਹੁੰਦੇ ਹਨ। ਉਹ ਸਮਾਜ, ਕੌਮ ਅਤੇ ਦੇਸ ਨੂੰ ਚੰਗੇ ਤੋਂ ਚੰਗੇਰਾ ਬਣਾਉਣ ਦੀ ਖਾਹਿਸ਼ ਰੱਖਦੇ ਹਨ ਤਾਂ ਕਿ ਆਮ ਆਦਮੀ ਵੀ ਚੰਗੀ ਤੇ ਖੁਸ਼ਹਾਲ ਜ਼ਿੰਦਗੀ ਜਿਉਂ ਸਕੇ। ਉਹ ਸਮਾਜਕ ਦੁਸ਼ਵਾਰੀਆਂ, ਬੁਰਾਈਆਂ ਅਤੇ ਗ਼ਲਤ ਕਦਰਾਂ-ਕੀਮਤਾਂ ਖਿਲਾਫ਼ ਸਿਰੜੀ ਘੋਲ ਕਰਦੇ ਹਨ। ਹੱਕ-ਸੱਚ, ਇਨਸਾਫ਼ ਅਤੇ ਸਮਾਜਕ ਬਰਾਬਰੀ ਲਈ ਜੂਝਦੇ ਜਨਤਾ ਦੀ ਅਗਵਾਈ ਕਰਦੇ ਹਨ। 'ਸੱਚੇ ਮਾਰਗ ਚੱਲਦਿਆਂ' ਸੂਝਵਾਨ ਅਤੇ ਚੇਤੰਨ ਆਗੂ, ਮਹਨ ਸ਼ਖਸੀਅਤ ਦਾ ਰੁਤਬਾ ਹਾਸਲ ਕਰ ਲੈਂਦੇ ਹਨ।

ਇਸੇ ਤਰ੍ਹਾਂ ਦੀ ਸ਼ਖਸੀਅਤ ਕਾਮਰੇਡ ਰਣਧੀਰ ਸਿੰਘ ਗਿੱਲ ਸਨ, ਜੋ ਜੀਵਨ ਦੀਆਂ 87 ਬਹਾਰਾਂ ਮਾਣ ਕੇ ਪਹਿਲੀ ਨਵੰਬਰ ਵਾਲੇ ਦਿਨ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਇਸ ਇਨਕਲਾਬੀ ਯੋਧੇ ਨੂੰ ਆਖ਼ਰੀ ਸਫ਼ਰ ਸਮੇਂ ਵੀ ਹਰ ਵਰਗ ਦੇ ਲੋਕਾਂ ਵੱਲੋਂ ਉਹੀ ਸਨਮਾਨ ਮਿਲਿਆ ਜਿਸਦੇ ਉਹ ਅਸਲੀ ਹੱਕਦਾਰ ਸਨ। ਸਾਥੀ ਗਿੱਲ ਦਾ ਜਨਮ 15 ਮਈ, 1935 ਨੂੰ ਪਿੰਡ ਬਹੋਨਾ, ਜ਼ਿਲ੍ਹਾ ਮੋਗਾ ਵਿੱਚ ਕਾਮਰੇਡ ਸ਼ੇਰ ਸਿੰਘ ਦੇ ਘਰ ਮਾਂ ਧੰਨ ਕੌਰ ਦੀ ਕੁੱਖੋਂ ਹੋਇਆ। ਮਾਂ ਦਾ ਪਿਆਰ ਲੰਬਾ ਸਮਾਂ ਨਾ ਮਿਲ ਸਕਿਆ ਕਿਉਂਕਿ ਉਹ ਦੋਵਾਂ ਛੋਟੇ ਬੱਚਿਆਂ (ਰਣਧੀਰ ਅਤੇ ਸੁਖਦਰਸ਼ਨ) ਨੂੰ ਰੋਂਦਿਆਂ ਛੱਡ ਕੇ ਸਦਾ ਲਈ ਤੁਰ ਗਈ ਸੀ।

ਉਹਨਾਂ ਦਸਵੀਂ, ਬੀ.ਏ. ਅਤੇ ਬੀ.ਐੱਡ ਕ੍ਰਮਵਾਰ ਆਰੀਆ ਹਾਈ ਸਕੂਲ ਮੋਗਾ ਅਤੇ ਡੀ.ਐਮ ਕਾਲਜ ਤੋਂ ਕੀਤੀਆਂ। ਕਾਲਜ ਦੇ ਦਿਨਾਂ ਤੋਂ ਹੀ ਉਹ ਵਿਦਿਆਰਥੀ ਹੱਕਾਂ ਵਾਸਤੇ ਸਰਗਰਮ ਹੋ ਗਏ ਸਨ। ਉਹਨਾਂ ਨੂੰ ਅਗਾਂਹ-ਵਧੂ ਅਤੇ ਖੱਬੀ ਸੋਚ ਦੀ ਗੁੜ੍ਹਤੀ ਘਰ ਦੇ ਮਹੌਲ ਤੋਂ ਹੀ ਮਿਲੀ ਸੀ। ਪਿਤਾ ਜੀ, ਕਾਮਰੇਡ ਸ਼ੇਰ ਸਿੰਘ ਕੋਲ ਉੱਚ ਕੋਟੀ ਦੇ ਲੀਡਰ ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗਿਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਤੀਖਣ ਬੁੱਧੀ ਰਣਧੀਰ ਛੋਟ ਉਮਰੇ ਹੀ ਇਸ ਲਹਿਰ ਤੋਂ ਜਾਣੂ ਹੋ ਗਿਆ ਸੀ।

ਬੀ.ਐੱਡ. ਕਰਨ ਮਗਰੋਂ ਉਹ ਅਧਿਆਪਕ ਲੱਗ ਗਏ ਸਨ ਅਤੇ ਅਧਿਆਪਕ ਜੱਥੇਬੰਦੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਸਾਲ 1965 ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਸਕੱਤਰ ਬਣੇ ਤੇ ਫਿਰ ਚੱਲ ਸੋ ਚੱਲ, ਮੁੜ ਪਿੱਛੇ ਭੌਂ ਕੇ ਨਹੀਂ ਵੇਖਿਆ। ਸਾਂਝੀ ਯੂਨੀਅਨ ਵੇਲੇ ਕਈ ਵਾਰ ਜ਼ਿਲ੍ਹਾ ਪ੍ਰਧਾਨ ਬਣੇ। ਪੰਜਾਬ ਸਕੂਲ ਟੀਚਰਜ਼ ਯੂਨੀਅਨ ਦੀ ਚਰਨ ਸਰਾਭਾ ਹੋਰਾਂ ਨਾਲ ਮਿਲ ਕੇ ਪੰਜਾਬ ਪੱਧਰ 'ਤੇ ਅਗਵਾਈ ਕੀਤੀ। ਇਸ ਦੌਰਾਨ ਉਹਨਾਂ 3 ਵਾਰ ਜੇਲ ਯਾਤਰਾ ਵੀ ਕੀਤੀ। ਸਾਲ 1992 ਤੋਂ 1996 ਤੱਕ ਉਹ ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ ਦੇ ਸੈਨੇਟਰ ਵੀ ਰਹੇ।

ਕਾਮਰੇਡ ਰਣਧੀਰ ਸਿੰਘ ਗਿੱਲ ਨੇ ਕਿਸਾਨਾਂ-ਮਜ਼ਦੂਰਾਂ, ਪੰਜਾਬ ਰੋਡਵੇਜ਼, ਬਿਜਲੀ ਬੋਰਡ, ਬੈਂਕ ਮੁਲਾਜ਼ਮਾਂ, ਰਿਕਸ਼ਾ ਯੂਨੀਅਨ ਅਤੇ ਮਨਰੇਗਾ ਵਰਗੀਆਂ ਸਭ ਜੱਥੇਬੰਦੀਆਂ ਦਾ ਡਟ ਕੇ ਸਾਥ ਦਿੱਤਾ। ਉਹ ਬਹੁਤ ਸੁਲਝੇ ਹੋਏ ਪ੍ਰਭਾਵਸ਼ਾਲੀ ਬੁਲਾਰੇ ਸਨ। ਮਾਰਕਸਵਾਦੀ ਸੋਚ ਵਿੱਚ ਪਰਪੱਕ ਹੋਣ ਕਰਕੇ ਪਾਰਟੀ ਮੀਟਿੰਗਾਂ ਅਤੇ ਸਟੇਜਾਂ ਉੱਤੇ ਗਹਿਰ-ਗੰਭੀਰ ਹੋ ਕੇ ਬੋਲਦੇ। ਮੁਲਾਜ਼ਮਾਂ ਦੇ ਧਰਨਿਆਂ ਅਤੇ ਮੁਜ਼ਾਹਰਿਆਂ ਵੇਲੇ ਜੱਥੇਬੰਦਕ ਮੰਗਾਂ ਅਤੇ ਮੁੱਦਿਆਂ ਦੀ ਬਾਤ ਪਾਉਂਦੇ। ਅਫ਼ਸਰਸ਼ਾਹਾਂ ਦੀ ਧੱਕੇਸ਼ਾਹੀ, ਹੈਂਕੜਬਾਜ਼ੀ ਅਤੇ ਬੇਇਨਸਾਫੀ ਨੂੰ ਦਲੇਰੀ ਅਤੇ ਬੇਬਾਕੀ ਨਾਲ ਨੰਗਾ ਕਰਦੇ। ਮਹਿਫ਼ਲਾਂ ਵਿੱਚ ਚੁਟਕਲਿਆਂ ਰਾਹੀਂ ਢਿੱਡੀਂ ਪੀੜਾਂ ਪਾ ਦਿੰਦੇ। ਹਾਜ਼ਰ ਜਵਾਬੀ ਵਿੱਚ ਉਹਨਾਂ ਦਾ ਕੋਈ ਸਾਨੀ ਨਹੀਂ ਸੀ।



ਪੰਜਾਬ ਦੇ ਕਾਲੇ ਦੌਰ ਸਮੇਂ ਕਾਲੀਆਂ ਤਾਕਤਾਂ ਨੇ ਜਦੋਂ ਰੋਡਵੇਜ਼ ਜੱਥੇਬੰਦੀ ਦੇ ਪੰਜਾਬ ਪ੍ਰਧਾਨ ਅਤ ਮਹਾਨ ਯੋਧੇ ਨਛੱਤਰ ਸਿੰਘ ਧਾਲੀਵਾਲ ਨੂੰ ਸ਼ਹੀਦ ਕੀਤਾ ਤਾਂ ਉਹਨਾਂ ਦੇ ਭੋਗ ਮੌਕੇ ਰਣਧੀਰ ਸਿੰਘ ਦੇ ਬੋਲ ਸਨ: 'ਧਾਲੀਵਾਲ ਨਛੱਤਰ ਸਿੰਹਾਂ, ਤੈਨੂੰ ਉਹਨਾਂ ਸ਼ਹੀਦ ਕਰ ਦਿੱਤਾ। ਅਸੀਂ ਵੀ ਤੇਰੇ ਰਾਹ ਦੇ ਰਾਹੀ ਹਾਂ। ਅਗਲੀ ਵਾਰੀ ਹੁਣ ਸਾਡੀ ਹੋਵੇਗੀ।' ਇਸ ਨੂੰ ਕਹਿੰਦੇ ਨੇ ਨਿੱਡਰਪੁਣਾ ਅਤੇ ਦੀਦਾ-ਦਲੇਰੀ। ਸਿਆਸੀ ਲੀਡਰ ਜਦੋਂ ਸੁਰੱਖਿਆ ਲਈ ਤਰਲੇ ਕੱਢਦੇ ਸਨ, ਸਾਥੀ ਗਿੱਲ ਨੇ ਉਸ ਨੂੰ ਮਿਲੀ ਸੁਰੱਖਿਆ ਵਾਪਸ ਕਰ ਦਿੱਤੀ ਸੀ।

ਮੈਂ ਉਹ ਚਿੱਠੀ ਵੀ ਪੜ੍ਹੀ ਹੈ ਜੋ ਕਿਸੇ ਸੁਹਿਰਦ ਵਿਦਿਆਰਥੀ ਚੇਲੇ ਨੇ ਆਪਣੇ ਸਤਿਕਾਰਯੋਗ ਇਸ ਅਧਿਆਪਕ ਗੁਰੂ ਨੂੰ ਸੁਚੇਤ ਕਰਨ ਲਈ ਲਿਖੀ ਸੀ ਕਿ ਤੁਹਾਡੇ ਬਾਰੇ ਮੀਟਿੰਗ ਵਿੱਚ ਚਰਚੇ ਹੋ ਰਹੇ ਹਨ। ਆਪਣੇ ਨਾਮ ਦੀ ਥਾਂ ਲਿਖਿਆ ਸੀ, 'ਤੁਹਾਡਾ ਭਟਕਿਆ ਹੋਇਆ ਇੱਕ ਵਿਦਿਆਰਥੀ।' ਫਿਰ ਵੀ ਇਹ ਯੋਧਾ ਨਾ ਘਬਰਾਇਆ, ਨਾ ਡਰਿਆ, ਨਾ ਡੋਲਿਆ। ਜਦੋਂ ਕਹਿੰਦੇ ਕਹਾਉਂਦੇ ਚੌਧਰੀਆਂ ਦੀਆਂ ਜੀਭਾਂ ਤਾਲੂਆਂ ਨਾਲ ਲੱਗ ਗਈਆਂ ਸਨ, ਉਸ ਸਮੇਂ ਇਹ ਯੋਧਾ ਸਾਥੀ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾ ਨਿਧੜਕ ਹੋ ਕੇ ਲੋਕਾਂ ਵਿਚਕਾਰ ਵਿਚਰਦਾ ਰਿਹਾ ਤੇ ਖੁੱਲ੍ਹ ਕੇ ਬੋਲਦਾ ਰਿਹਾ।

ਚਿੱਠੀ ਵਾਲੀ ਘਟਨਾ ਤੋਂ ਬਾਦ ਮੈਂ ਉਸ ਨੂੰ ਮਿਲਣ ਗਿਆ ਮੋਗੇ ਉਹਨਾਂ ਦੇ ਘਰ ਬੈਠਾ ਸੀ ਕਿ ਉਹ ਫਰੇਮ ਜੜੀ ਆਪਣੀ ਫੋਟੋ ਲੈ ਕੇ ਅੰਦਰ ਵੜੇ ਤੇ ਇੱਕ ਦਮ ਬੋਲੇ, ਉਇਹ ਭੋਗ 'ਤੇ ਠੀਕ ਰਹੂਗੀ।" ਮੇਰਾ ਅੰਦਰ ਕੰਬ ਗਿਆ। ਮੈਂ ਕਿਹਾ, ਇਹੋ ਜਿਹੀ ਮਨਹੂਸ ਗੱਲ ਨਾ ਕਰਿਆ ਕਰੋ। ਕਹਿਣ ਲੱਗੇ, ਉਇਹ ਤਾਂ ਹੋਣਾ ਹੀ ਹੈ, ਕੁਦਰਤੀ ਭਾਵੇਂ ਬਚੇ ਰਹੀਏ।" ਖੁਸ਼ਕਿਸਮਤੀ ਨਾਲ ਉਹ ਇਸ ਭਿਆਨਕ ਦੌਰ ਵਿੱਚ ਵੀ ਸਲਾਮਤ ਰਹੇ। ਇੱਥੇ ਇਹ ਬੋਲ ਢੁੱਕਵੇਂ ਹਨ:

'ਮੌਤ ਮੂਹਰੇ ਖੜ੍ਹੀ ਵੇਖ ਡੋਲਿਆ ਨਾ ਦਿਲ ਤੇਰਾ, ਝਮਕੀ ਨਾ ਅੱਖ ਮਸਤਾਨੀ। ਸੂਰਮਿਆ ਧੰਨ ਤੇਰੀ ਕੁਰਬਾਨੀ।' ਮਾਤਾ ਧੰਨ ਕੌਰ ਦਾ ਜਾਇਆ ਸੱਚ ਮੁੱਚ ਹੀ ਧੰਨ ਸੀ।

ਸਾਥੀ ਗਿੱਲ ਨੇ ਜਦੋਂ ਸਾਲ 2007 ਵਿੱਚ ਕਮਿਊਨਿਸਟ ਪਾਰਟੀ ਵੱਲੋਂ ਮੋਗਾ ਤੋਂ ਅਸੰਬਲੀ ਚੋਣ ਲੜੀ ਤਾਂ ਉਹਨਾਂ ਨਾਲ ਉਚੇਚੇ ਤੌਰ 'ਤੇ ਕੈਨੇਡਾ ਦੇ ਸ਼ਹਿਰ ਸਰੀ ਦੇ 'ਰੇਡੀਓ ਇੰਡੀਆ' ਸਟੇਸ਼ਨ ਤੋਂ ਹੋਸਟ ਸੁਖਮਿੰਦਰ ਚੀਮਾ ਤੇ ਫਿਰ ਕੈਲਗਰੀ ਵਿੱਚ ਰੇਡੀਓ 'ਸੁਰ-ਸੰਗਮ' ਦੇ ਹੋਸਟ ਕੁਲਦੀਪ ਸਿੰਘ ਨੇ ਫੋਨ ਰਾਹੀਂ ਇੰਟਰਵਿਊ ਕੀਤੀ । ਦੋਵਾਂ ਇੰਟਰਵਿਊਆਂ ਵਿੱਚ ਉਹਨਾਂ ਨੇ ਪਾਰਟੀ ਪ੍ਰੋਗਰਾਮ ਬਾਰੇ ਆਪਣੀ ਸਿਧਾਂਤਕ ਸੋਚ ਮੁਤਾਬਕ ਸਾਰੇ ਸਵਾਲਾਂ ਦੇ ਬੜੇ ਢੁੱਕਵੇਂ ਜਵਾਬ ਦਿੱਤੇ ਜਿਸਦਾ ਸੂਝਵਾਨ ਸਰੋਤਿਆਂ ਨੇ ਭਰਵਾਂ ਸੁਆਗਤ ਕੀਤਾ।

ਕਾ: ਰਣਧੀਰ ਸਿੰਘ ਗਿੱਲ ਸਾਹਿਤ ਪ੍ਰੇਮੀ ਵੀ ਸਨ। ਉੱਘੇ ਸਾਹਿਤਕਾਰਾਂ ਨੂੰ ਨਿੱਠ ਕੇ ਪੜ੍ਹਦੇ ਸਨ। ਉਹਨਾਂ ਮਾਰਕਸਵਾਦ ਤੋਂ ਇਲਾਵਾ, ਬਹੁਤ ਸਾਰਾ ਇਨਕਲਾਬੀ ਸਾਹਿਤ, ਦੇਸੀ ਵੀ ਤੇ ਪਰਦੇਸੀ ਵੀ ਪੜ੍ਹਿਆ। ਉੱਘੇ ਸ਼ਾਇਰ ਜਗਤਾਰ ਦੀ ਇਹ ਗ਼ਜ਼ਲ ਉਹ ਅਕਸਰ ਗਾਉਂਦੇ ਸਨ:

ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨੇਰਾ; ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ।

ਉਹਨਾਂ ਦੀ ਮਿੱਤਰ ਮੰਡਲੀ ਦਾ ਦਾਇਰਾ ਬਹੁਤ ਵੱਡਾ ਤੇ ਮੋਕਲਾ ਸੀ। ਵਿਰੋਧੀ ਜੱਥੇਬੰਦੀਆਂ ਵਾਲੇ ਵੀ ਉਹਨਾਂ ਦੀ ਕਾਬਲੀਅਤ ਤੇ ਕਾਇਲ ਸਨ ਕਿਉਂਕਿ ਉਹ ਵਿਚਾਰਾਂ ਦੇ ਵਖਰੇਵੇਂ ਨੂੰ ਨਹੀਂ, ਇਨਸਾਨੀਅਤ ਨੂੰ ਤਰਜੀਹ ਦਿੰਦੇ ਸਨ। ਮਨ ਵਿੱਚ ਕਿਸੇ ਪ੍ਰਤੀ ਵੀ ਵੈਰ-ਭਾਵ ਨਹੀਂ ਰੱਖਦੇ ਸਨ। ਭਾਈਚਾਰਕ ਸਾਂਝ ਦੇ ਮੁੱਦਈ ਸਨ ਪਰ ਸੱਚੀ ਗੱਲ ਠੋਕ-ਵਜਾ ਕੇ ਕਰਦੇ ਸਨ। ਕਹਿਣੀ ਤੇ ਕਰਨੀ ਦੇ ਪੂਰੇ-ਸੂਰੇ ਸਨ। ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਉਹ ਆਪਣੇ ਆਪ ਵਿੱਚ ਸੰਸਥਾ ਸਨ। ਕਾਮਰੇਡ ਗਿੱਲ ਦੀ ਜੱਥੇਬੰਦਕ ਕਾਬਲੀਅਤ ਬੇਮਿਸਾਲ ਸੀ। ਉਹ ਛੋਟੇ ਵੱਡੇ ਸਾਰਿਆਂ ਨੂੰ ਨਾਲ ਲੈ ਕੇ ਚੱਲਦੇ ਸਨ। ਕਈ ਅਹਿਮ ਮੌਕਿਆਂ 'ਤੇ ਮੇਰੇ ਵਰਗੇ ਹੇਠਲੀ ਪੱਧਰ ਦੇ ਵਰਕਰਾਂ ਨੂੰ ਵੀ ਅੱਗੇ ਕਰ ਦਿੰਦੇ ਸਨ। ਇਹ ਉਹਨਾਂ ਦਾ ਵਡੱਪਣ ਸੀ ਤੇ ਇਸੇ ਕਰਕੇ ਉਹ ਸਾਰੇ ਵਰਗਾਂ ਦੇ ਕਾਮਿਆਂ ਵਿੱਚ ਹਰਮਨ ਪਿਆਰੇ ਅਤੇ ਸਤਿਕਾਰੇ ਆਗੂ ਸਨ।

ਉਸ ਸਰਬ ਪੱਖੀ ਸ਼ਖਸੀਅਤ ਦੀ ਟਰੇਡ ਯੂਨੀਅਨ ਲਹਿਰ, ਕਮਿਊਨਿਸਟ ਪਾਰਟੀ ਅਤੇ ਸਮਾਜ ਨੂੰ ਦੇਣ ਬਾਰੇ, ਉਹਨਾਂ ਦੇ ਨੇੜਲੇ, ਗੂੜ੍ਹੇ ਮਿੱਤਰ ਪੂਰਨ ਸਿੰਘ ਪਾਂਧੀ (ਟੋਰੰਟੋ) ਨੇ 'ਬੁਲੰਦ ਪਰਵਾਜ਼ - ਰਣਧੀਰ ਗਿੱਲ' ਨਾਮੀ ਕਿਤਾਬ ਵਿੱਚ ਵਿਸਥਾਰ ਪੂਰਬਕ ਚਾਨਣਾ ਪਾਇਆ ਹੈ। ਇਹ ਕਿਤਾਬ ਸਭ ਨੂੰ ਪੜ੍ਹਨੀ ਚਾਹੀਦੀ ਹੈ, ਖਾਸ ਕਰਕੇ ਟਰੇਡ ਯੂਨੀਅਨ ਲਹਿਰ ਵਿੱਚ ਕੰਮ ਕਰਨ ਵਾਲੇ ਵਰਕਰਾਂ ਲਈ ਪ੍ਰੇਰਨਾ ਸਰੋਤ ਹੋਵੇਗੀ।

ਕਾ: ਰਣਧੀਰ ਗਿੱਲ ਦੂਰ-ਦ੍ਰਿਸ਼ਟ,ਵਹਿਮਾਂ-ਭਰਮਾਂ ਤੋਂ ਮੁਕਤ, ਤਰਕਸ਼ੀਲ, ਵਿਖਾਵਿਆਂ ਅਤੇ ਹਰ ਤਰ੍ਹਾਂ ਦੇ ਪਾਖੰਡਾਂ ਤੋਂ ਕੋਹਾਂ ਦੂਰ, ਲੋਕ-ਹਿਤਾਂ ਲਈ ਜੂਝਣ ਵਾਲਾ ਜੁਝਾਰੂ ਯੋਧਾ ਸੀ। ਸਿਦਕ, ਸਿਰੜ, ਦ੍ਰਿੜ੍ਹਤਾ, ਦਲੇਰੀ ਅਤੇ ਇਮਾਨਦਾਰੀ ਦੀ ਉਹ ਮਿਸਾਲ ਸੀ। ਸੂਝਵਾਨ, ਸੁਹਿਰਦ, ਠਰੰਮੇ ਅਤੇ ਦਲੀਲ ਨਾਲ ਗੱਲ ਕਰਨ ਵਾਲਾ, ਮਿਲਣਸਾਰ, ਯਾਰਾਂ ਦਾ ਣਾਰ ਸੀ। ਮਹਿਫਲਾਂ ਦਾ ਸ਼ਿੰਗਾਰ ਸੀ।

ਉਸ ਮਹਾਨ ਮਨੁੱਖ ਦੀ ਦੁੱਖਾਂ-ਸੁੱਖਾਂ ਸਮੇਂ ਵੀ ਘਾਲੀ ਘਾਲਣਾ ਅਤੇ ਕੁਰਬਾਨੀ ਅੱਗੇ ਸਤਿਕਾਰ ਨਾਲ ਸਿਰ ਝੁਕਦਾ ਹੈ। ਅੱਜ ਉਹਨਾਂ ਦਾ ਵਜੂਦ ਭਾਵੇਂ ਸਾਡੇ ਵਿੱਚ ਨਹੀਂ ਰਿਹਾ ਪਰ ਉਹਨਾਂ ਦੀ ਸੋਚ, ਨਿੱਘੀ-ਪਿਆਰੀ ਯਾਦ, ਉਹਨਾਂ ਨਾਲ ਬਿਤਾਏ ਪਲ ਹਰ ਵੇਲੇ ਨਾਲ ਰਹਿਣਗੇ। ਇਹੀ ਸਾਡੀ ਪਰਦੇਸ ਵੱਸਦੇ ਉਹਨਾਂ ਦੇ ਪ੍ਰਸ਼ੰਸਕਾਂ ਅਤੇ ਪਿਆਰਿਆਂ ਦੀ ਸੱਚੇ ਦਿਲੋਂ ਸ਼ਰਧਾਂਜਲੀ ਹੈ।

ਅਖੀਰ ਵਿੱਚ, ਸਾਥੀ ਰਣਧੀਰ ਸਿੰਘ ਗਿੱਲ ਵੱਲੋਂ ਸਾਲ 1998 ਵਿੱਚ ਆਖੇ ਅਲਫਾਜ਼ ਇੱਥੇ ਲਿਖਣਾ ਜ਼ਰੂਰੀ ਸਮਝਦਾ ਹਾਂ। ਉਹਨਾਂ ਮੈਨੂੰ ਕਿਹਾ ਸੀ:


**'ਭਾਵੇਂ ਅਸੀਂ ਆਪਣੇ ਨਿਸ਼ਾਨੇ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਏ ਪਰ ਲੋਕ-ਹੱਕਾਂ ਦੀ ਪ੍ਰਾਪਤੀ ਲਈ ਇੱਕ ਦਿਨ ਜੁਝਾਰੂ ਲੋਕ ਆਪਣੇ ਅਕੀਦੇ ਵਿੱਚ ਜ਼ਰੂਰ ਸਫ਼ਲ ਹੋਣਗੇ। ਇਹਨਾਂ ਇਨਕਲਾਬੀ ਘੋਲਾਂ ਵਿੱਚ ਮੈਂ ਜਿੰਨਾ ਹਿੱਸਾ ਪਾਇਆ ਹੈ, ਉਸ ਤੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਮੈਨੂੰ ਆਪਣੇ ਕੀਤੇ ਕੰਮਾਂ 'ਤੇ ਕੋਈ ਪਛਤਾਵਾ ਨਹੀਂ ਸਗੋਂ ਆਪਣੇ ਕੀਤੇ ਉੱਤੇ ਮਾਣ ਹੈ। ਮੈਂ ਜਦੋਂ ਵੀ ਇਸ ਸੰਸਾਰ ਤੋਂ ਗਿਆ, ਪੂਰੀ ਤਸੱਲੀ ਨਾਲ ਜਾਵਾਂਗਾ।'**

ਅੱਜ ਸਾਨੂੰ ਸਾਰਿਆਂ ਨੂੰ ਵੀ ਜਿੱਥੇ ਉਸ ਦੇ ਜਾਣ ਦਾ ਦੁੱਖ ਅਤੇ ਘਾਟਾ ਹੈ, ਉਥੇ ਉਹਨਾਂ ਦੇ ਕੀਤੇ ਕੰਮਾਂ 'ਤੇ ਮਣਾਂ-ਮੂੰਹੀਂ ਮਾਣ ਵੀ ਹੈ। ਕਾਮਰੇਡ ਰਣਧੀਰ ਸਿੰਘ ਗਿੱਲ ਅਮਰ ਰਹੇ!

## ਜਿਹਦੀ ਉਂਗਲ ਨੂੰ ਫੜ੍ਹ ਫੜ੍ਹ ਹੋਇਆ ਗੱਭਰੂ, ਜੀ ਮੈਂ ਜ਼ਿੰਦਗੀ ਜਿਊਣੀ ਬਾਪੂ ਕੋਲੋਂ ਸਿੱਖ ਲਈ

ਕੈਲਗਰੀ ਦੇ ਨੌਜਵਾਨ ਗੱਭਰੂ ਪਰਦੀਪ ਗਿੱਲ ਦੀ ਸਾਫ ਸੁਥਰੀ ਪ੍ਰੋਡਕਸ਼ਨ "ਡੀਅਰ ਬਾਪੂ" ਗੋਲਡਨ ਬੱਕ ਮਿਊਜਿਕ ਦੇ ਬੈਨਰ ਹੇਠ ਰਿਲੀਜ਼ ਹੋਇਆ ਗਾਣਾ ਇਹਨੀ ਦਿਨੀ ਖੂਬ ਚਰਚਾ ਵਿੱਚ ਹੈ। ਪਰਦੇ ਉੱਪਰ ਜਿਉਂ ਹੀ ਅਸੀਂ ਮਲਕੀਤ ਰੌਣੀ ਦਾ ਚਿਹਰਾ ਦੇਖਦੇ ਹਾਂ ਤਾਂ ਸੁਰੂ ਵਿੱਚ ਹੀ ਗੀਤ ਨੂੰ ਇੱਕ ਸਰਟੀਫਿਕੇਟ ਜਿਹਾ ਮਿਲ ਜਾਂਦਾ ਹੈ ਕਿ ਇਹ ਗੀਤ ਪਰਿਵਾਰਕ ਹੈ। ਬਾਪੂ ਦੇ ਰੋਲ ਵਿੱਚ ਹਮੇਸਾ ਦੀ ਤਰਾਂ ਇਸ ਗੀਤ ਵਿੱਚ ਵੀ ਮਲਕੀਤ ਰੌਣੀ ਨੇ ਆਪਣਾ ਕਿਰਦਾਰ ਸਮਰੱਥ ਅਦਾਕਾਰੀ ਨਾਲ ਨਿਭਾਇਆ ਹੈ।

ਪਰਦੀਪ ਗਿੱਲ ਦੇ ਖੁਦ ਦੇ ਲਿਖੇ ਹੋਏ ਬੋਲਾਂ ਨੂੰ ਬਹੁਤ ਹੀ ਸੋਹਣੀ ਆਵਾਜ਼ ਦੇ ਮਾਲਿਕ ਹਲਕੇ ਜਿਹੇ ਜੁੱਸੇ ਵਾਲੇ ਨੌਜਵਾਨ ਗਾਇਕ ਦਿਲਜਸ ਨੇ ਆਪਣੇ ਗਲ੍ਹੇ ਅੰਦਰੋਂ ਸ਼ਹਿਦ ਦੀ ਚਾਸ਼ਣੀ ਵਾਂਗ ਗੀਤ ਦੇ ਸ਼ਬਦਾਂ ਨੂੰ ਲਬਰੇਜ਼ ਕਰਦਿਆਂ ਸੰਗੀਤ ਪ੍ਰੇਮੀਆਂ ਅੱਗੇ ਪੇਸ਼ ਕੀਤਾ ਹੈ। ਰਾਜਵੀਰ ਮੂਜ਼ਿਕ ਦਾ ਸੰਗੀਤ ਅਤੇ ਗਗਨ ਮਾਨ ਦੀ ਵੀਡੀਓ ਨਿਰਦੇਸ਼ਨਾ ਕੰਨਾਂ ਅਤੇ ਅੱਖਾਂ ਨੂੰ ਇੱਕ ਪਲ ਵੀ ਇਧਰ ਉਧਰ ਫਰਕਣ ਨਹੀਂ ਦਿੰਦੀ। ਕੁੱਲ ਮਿਲਾਕੇ ਇਹਨੀ ਦਿਨੀ ਜਿਵੇਂ ਗੰਨ ਸੱਭਿਆਚਾਰ ਵਾਲੇ ਗੀਤਾਂ ਨੇ ਹੋ ਹੱਲਾ ਮਚਾਇਆ ਹੋਇਆ ਹੈ ਇਹ ਗੀਤ ਆਪਣੇ ਦਮ




ਉੱਪਰ ਉਸ ਭੀੜ ਵਿੱਚੋਂ ਅਲੱਗ ਦਿਸਦਾ ਹੈ । ਬੀਤੇ ਦਿਨੀ ਕੈਲਗਰੀ ਵਿਖੇ ਹੀ ਮੁਖਤਿਆਰ ਬੱਡੂਵਾਲੀਆ ਦੇ ਘਰ ਸਬੱਬੀ ਹੋਈ ਮਿੱਤਰ ਮਿਲਣੀ ਦੌਰਾਨ, ਜਿਸ ਵਿੱਚ ਕੈਲਗਰੀ ਦੇ ਪ੍ਰਸਿੱਧ ਰੇਡੀਓ ਹੋਸਟ ਰਿਸ਼ੀ ਨਾਗਰ,ਪੰਜਾਬ ਪੁਲਿਸ ਦੇ ਬੇਦਾਗ ਸਖ਼ਸ਼ੀਅਤ ਵੱਜੋਂ ਜਾਣੇ ਜਾਂਦੇ ਸਾਬਕਾ ਡੀ ਐਸ ਪੀ ਸ: ਬਹਾਦੁਰ ਸਿੰਘ ਰਾਓ, ਵਰਿੰਦਰ ਸੰਘਾ, ਤੇਜਵੀਰ ਗਿੱਲ ਸਾਮਿਲ ਸਨ ਤਾਂ ਉਸ ਮੌਕੇ ਪਹਿਲੀ ਮਿਲਣੀ ਵਿੱਚ ਹੀ ਦਹਾਕਿਆਂ ਬੱਧੀ ਜਾਣ ਪਹਿਚਾਣ ਦਾ ਅਹਿਸਾਸ ਕਰਵਾਉਣ ਵਰਗੇ ਵੀਰ ਪਰਦੀਪ ਗਿੱਲ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਉਹਨਾਂ ਦੀ ਇਹੀ ਕੋਸ਼ਿਸ਼ ਰਹੇਗੀ ਕਿ ਅਜਿਹੇ ਗਾਇਕਾਂ ਅਤੇ ਗੀਤਾਂ ਦੀ ਪੇਸ਼ਕਾਰੀ ਵਿੱਚ ਲਗਾਤਾਰਤਾ ਬਣੀ ਰਹੇ।

ਹਰਬੰਸ ਬੁੱਟਰ

## ਕੈਲਗਰੀ ਦੇ ਬਜ਼ੁਰਗਾਂ ਨੇ ਆਪਣੀਆਂ ਸੰਸਥਾ ਦੀਆਂ ਪੰਜ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ ਕੈਨੇਡੀਅਨ ਐਸੋਸੀਏਸ਼ਨ ਆਫ ਇਮੀਗਰਾਂਟਸ ਸੀਨੀਅਰਜ਼ ਕੈਲਗਰੀ ਵੱਲੋਂ ਸ੍ਰੀ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਸਨਮਾਨ ਸਮਾਰੋਹ ਕੀਤਾ ਗਿਆ। ਜਿਸ ਵਿੱਚ ਐਸੋਸੀਏਸ਼ਨ ਦੇ ਪੰਜ ਮੈਂਬਰਾਂ ਨੂੰ ਸੰਸਥਾ ਪ੍ਰਤੀ ਉਨ੍ਹਾਂ ਦੀ ਦੇਣ ਲਈ ਸਨਮਾਨਤ ਕੀਤਾ ਗਿਆ। ਇਹ ਮਹੱਤਵਪੂਰਨ ਸ਼ਖ਼ਸੀਅਤਾਂ ਸ੍ਰੀ ਰਣਜੀਤ ਸਿੰਘ ਆਹਲੂਵਾਲੀਆ, ਜੋਗਿੰਦਰ ਸਿੰਘ ਢਿਲੋਂ, ਜਗਦੀਸ਼ ਸਿੰਘ ਚੋਹਕਾ, ਡਾ ਮਨਜੀਤ ਸਿੰਘ ਸੋਹਲ ਅਤੇ ਸੁਦਰਸ਼ਨ ਸਿੰਘ ਸੈਣੀ ਸਨ ।ਐਸੋਸੀਏਸ਼ਨ ਵੱਲੋਂ ਸਾਰਿਆਂ ਨੂੰ ਸਨਮਾਨ ਸਰਟੀਫਿਕੇਟ ਭੇਟ ਕਰਦਿਆਂ ਉਨ੍ਹਾਂ ਦੀ ਅਤੇ ਸਿਹਤਮੰਦ ਉਮਰ ਅਤੇ ਪਰਿਵਾਰਾਂ ਦੀ ਸੁਖ ਸ਼ਾਂਤੀ ਦੀ ਕਾਮਨਾ ਕੀਤੀ ਗਈ। ਸਕੱਤਰ ਨਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਸ਼ਖ਼ਸੀਅਤਾਂ ਜਿੱਥੇ ਭਾਰਤ ਵਿੱਚ ਵੱਖੋ ਵੱਖ ਵੱਕਾਰੀ ਅਹੁਦਿਆਂ ਤੋਂ ਸੇਵਾਮੁਕਤ ਹੋਈਆਂ ਉੱਥੇ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿੱਚ ਇਹਨਾਂ ਵੱਲੋਂ ਵੱਖ ਵੱਖ ਮੁੱਦਿਆਂ ਤੇ ਬਹਿਸ ਵਿੱਚ ਨਿੱਗਰ ਹਿੱਸਾ ਪਾਇਆ ਜਾਂਦਾ ਰਿਹਾ ਹੈ । ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਹੋਏ। ਸਨਮਾਨ ਸਮਾਰੋਹ ਨੂੰ ਗੁਰਬਚਨ ਬਰਾੜ, ਗੁਰਮੁਖ ਸਿੰਘ ਮਿਨਹਾਸ ਪ੍ਰਧਾਨ ਇੰਕਾ ਸੀਨੀਅਰ ਸੁਸਾਇਟੀ, ਸੱਤਪਾਲ ਕੌਸ਼ਲ ਪ੍ਰਧਾਨ ਗਲੋਬਲ ਪਰਵਾਸੀ ਸੀਨੀਅਰ ਸੁਸਾਇਟੀ, ਜਗੀਰ ਸਿੰਘ ਬਰਾੜ, ਦਿਲਾਵਰ ਸਿੰਘ ਸਮਰਾ, ਰਜਿੰਦਰ ਕੌਰ ਚੋਹਕਾ ਨੇ ਸੰਬੋਧਨ ਕੀਤਾ। ਸਮਾਰੋਹ ਵਿੱਚ ਪ੍ਰਸ਼ੋਤਮ ਭਾਰਦਵਾਜ, ਅਮਰੀਕ ਸਿੰਘ ਸਰੋਆ ਸਕੱਤਰ ਆਈ ਸੀ ਸੀ ਏ, ਕੁਲਬੀਰ ਸਿੰਘ ਕਾਲਖ ਵੀ ਹਾਜ਼ਰ ਹੋਏ ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਰਿੰਦਰ ਸਿੰਘ ਢਿੱਲੋਂ ਨੇ ਨਿਭਾਈ।ਭਾਰੀ ਠੰਢ ਅਤੇ ਬਰਫ਼ਬਾਰੀ ਕਰਕੇ ਫਰਵਰੀ ਮਹੀਨੇ ਤੱਕ ਐਸੋਸੀਏਸ਼ਨ ਦੀਆਂ ਮੀਟਿੰਗਾਂ ਮੁਲਤਵੀ ਕਰਨ ਦਾ ਐਲਾਨ ਕੀਤਾ ਗਿਆ ਅਤੇ ਸਾਰੇ ਸਰੋਤਿਆਂ ਵੱਲੋਂ ਸਮਾਗਮ ਦੀ ਸਰਾਹਨਾ ਕੀਤੀ ਗਈ।



















# ਤੇਰੇ ਟਿੱਲੇ ਤੋਂ ਔਹ ਸੂਰਤ - ਕਾਲੀ ਘਟਾ ਬਣਕੇ ਇਸ ਐਲ ਪੀ ਰਿਕਾਰਡ ਨਾਲ ਹੀ ਵਗ੍ਹੀ ਸੀ

ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਦੋਸਤੋ ਆਓ ਪੰਜਾਬੀ ਗੀਤ ਸੰਗੀਤ ਦੇ ਇਤਿਹਾਸ ਦੇ ਕੁੱਝ ਪੰਨੇ ਪਰਤੀਏ। ਅੱਜ ਤੋਂ 45 ਵਰ੍ਹੇ ਪਹਿਲਾਂ ਪੰਜਾਬ ਦਆਂ ਹੱਟੀਆਂ, ਭੱਠੀਆਂ, ਸੱਥਾਂ, ਦਰਵਾਜ਼ਿਆਂ ਤੇ ਪੰਜਾਬੀ ਗਾਇਕੀ ਦੀ ਹਰਮਨ ਪਿਆਰੀ ਵਿਧਾ ਜਿਸਨੂੰ "ਕਲੀ" ਆਖਦੇ ਹਨ, ਕਲੀ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਸੀ।


ਉਸ ਤੋਂ ਵੀ ਪਹਿਲਾਂ ਬੇਸ਼ੱਕ ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸਿੰਘ ਸ਼ੌਂਕੀ, ਉਦੇ ਸਿੰਘ ਦੀਆਂ ਗਾਈਆਂ ਹੋਈਆਂ ਕਲੀਆਂ ਪੈਂਡੂ ਸੱਥਾਂ ਦਾ ਸ਼ਿੰਗਾਰ ਸਨ।ਪਰ 1976 ਵਿੱਚ **ਗੀਤਕਾਰ ਹਰਦੇਵ ਦਿਲਗੀਰ** ਦੇ ਲਿਖੇ ਗੀਤ, **ਕੁਲਦੀਪ ਮਾਣਕ** ਦੀ ਤਰੋ ਤਾਜ਼ਾ ਆਵਾਜ਼ ਵਿੱਚ **ਕੇਸਰ ਸਿੰਘ ਨਰੂਲਾ** ਦੇ ਸੰਗੀਤ ਨਾਲ ਸ਼ਿੰਗਾਰਿਆ ਇੱਕ ਐਲ ਪੀ ਰਿਕਾਰਡ ਵਿਸ਼ਵ ਪ੍ਰਸਿੱਧ ਕੰਪਨੀ ਐਚ ਐਮ ਨੇ ਬਣਾਇਆ ਸੀ। ਜਿਸ ਨਾਲ ਪੰਜਾਬੀ ਗੀਤਾਂ ਦਾ ਦਾਇਰਾ ਪੇਂਡੂ ਸੱਥਾਂ ਨੂੰ ਪਾਰ ਕਰਦਾ ਹੋਇਆ ਕਾਲਿਜ ਯੂਨੀਵਰਸਿਟੀਆਂ ਤੱਕ ਪੁੱਜ ਗਿਆ ਸੀ।




ਇਸ ਐਲ ਪੀ ਰਿਕਾਰਡ ਵਿੱਚ ਕੁੱਲ ਗਿਆਰਾਂ ਗੀਤ ਸਨ। ਜਿਸ ਕਲੀ ਦੀ ਮੈਂ ਸ਼ੁਰੂਆਤ ਵਿੱਚ ਗੱਲ ਕੀਤੀ ਐ ਉਹ ਐ "ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ ਦੀ" ਇਸ ਤੋਂ ਇਲਾਵਾ ਇਸ ਵਿਚਲੇ ਬਾਕੀ ਦੇ ਦਸ ਗੀਤ ਵੀ ਅਮਰ ਗੀਤ ਹਨ।

ਪੰਜਾਬ ਦੀ ਨਵੀਂ ਪੀੜ੍ਹੀ ਨੂੰ ਇਸ ਇਤਿਹਾਸ ਨਾਲ ਜੋੜਨ ਲਈ,,ਮੈਂ ਉਸ ਰਿਕਾਰਡ ਦੇ ਉੱਪਰ

## ਕੁਲਦੀਪ ਮਾਣਕ ਦੇ ਜਨਮ ਦਿਨ ਉੱਪਰ ਵਿਸ਼ੇਸ਼




ਲਿਖੀ ਸ਼ਬਦਾਵਲੀ ਤੇ ਤਸਵੀਰਾਂ ਸਮੇਤ ਦਿਖਾਉਣ ਦਾ ਯਤਨ ਕਰ ਰਿਹਾ ਹਾਂ।

ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੁਲਦੀਪ ਮਾਣਕ ਦੀ ਆਵਾਜ਼ ਤਾਂ 1969 ਵਿੱਚ ਪੰਜਾਬ ਵਿੱਚ ਮੌਨਸੂਨ ਵਾਂਗੂੰ ਦਸਤਕ ਦੇ ਚੁੱਕੀ ਸੀ ਪਰ ਸੱਤ ਸਾਲਾਂ ਦੇ ਵਕਫੇ ਬਾਅਦ ਭਾਵ 1976 ਵਿੱਚ ਕਾਲੀ ਘਟਾ ਬਣਕੇ ਇਸ ਐਲ ਪੀ ਰਿਕਾਰਡ ਨਾਲ ਹੀ ਵਗ੍ਹੀ।

ਤੂੰਬੀ ਉੱਤੇ ਪੰਜਾਬ ਦੇ ਅਮਰ ਗੀਤ (ਕੁਲਦੀਪ ਮਾਣਕ) EASD 1716 Stereo

**ਗੀਤਕਾਰ: ਹਰਦੇਵ ਦਿਲਗੀਰ,**
**ਸੰਗੀਤ: ਕੇਸਰ ਸਿੰਘ ਨਰੂਲਾ**

ਸਾਈਡ: ਏ

**1-ਸਰਵਣ ਕੁਮਾਰ (ਛੇਤੀ ਕਰ ਸਰਵਣ ਬੱਚਾ)**
ਸਰਵਣ ਕੁਮਾਰ ਦਸ਼ਰਥ ਦਾ ਭਾਣਜਾ,,,,ਅੰਧਲੇ ਮਾਤਾ ਪਿਤਾ ਦਾ ਇਕਲੌਤਾ ਪੁੱਤ,,,,ਜਿਸਨੇ ਮਾਤਾ ਪਿਤਾ ਨੂੰ ਵਹਿੰਗੀ ਵਿੱਚ ਬਿਠਾ ਕੇ ਤੀਰਥ ਯਾਤਰਾ ਕਰਾਈ।

**2- ਰਾਂਝੇ ਦੀ ਕਲੀ (ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ)**
ਰੰਗਪੁਰ ਤੋਂ ਅੱਠ ਕੋਹ ਦੂਰ,, ਟਿੱਲੇ ਤੇ ਜੋਗ ਲੈਣ ਆਇਆ ਰਾਂਝਾ,,,ਹੀਰ ਜੱਟੀ ਦੀਆਂ ਸਿਫ਼ਤਾਂ ਕਰਦਾ ਹੈ

**3- ਜੱਟੀ ਸਾਹਿਬਾਂ ( ਯਾਰੋ ਰੰਨਾਂ ਚੰਚਲ ਹਾਰੀਆਂ)**
ਸਰਦੂਲ ਖਾਂ ਮਿਰਜ਼ੇ ਦਾ ਭਰਾ,,,ਜੰਡ ਥੱਲੇ ਮਿਰਜ਼ੇ ਦੀ ਲਾਸ਼ ਦੇਖ ਕੂਕਦਾ ਹੈ,,,,, ਯਾਰੋ ਰੰਨਾਂ ਚੰਚਲ ਹਾਰੀਆਂ

**4- ਬੇਗੋ ਨਾਰ ( ਸਿਖਰ ਦੁਪਹਿਰੇ ਵਰਗੀ ਬੇਗੋ ਜਦ ਹੱਟੀ ਤੇ)**
ਬੇਗੋ ਰਾਵੀ ਪਾਰ ਦੀ ਮੁਟਿਆਰ,,, ਲਾਹੌਰ ਦਾ ਬਾਣੀਆਂ ਇੰਦਰ ਮੱਲ,,, ਉਸਦੇ ਰੂਪ ਦਾ ਆਸ਼ਕ

**5- ਸਾਹਿਬਾਂ ਦਾ ਖ਼ਤ (ਚਿੱਠੀਆਂ ਸਾਹਿਬਾਂ ਜੱਟੀ ਨੇ)**
ਕਰਮੂ ਬਾਹਮਣ ਹੱਥੋਂ, ਸਾਹਿਬਾਂ ਦਾ ਖਤ ਫੜ,,, ਮਿਰਜ਼ਾ ਖਤ ਨੂੰ ਚੁੰਮ ਕੇ ਕਾਲਜੇ ਲਾ ਲੈਂਦਾ ਹੈ

**6- ਰਾਂਝਾ ਜੋਗੀ (ਇੱਕ ਜੋਗੀ ਟਿੱਲਿਓਂ ਆ ਗਿਆ ਨੀ ਭਾਬੀ)**
ਰਾਂਝੇ ਦਾ ਰੂਪ ਦੇਖ, ਸਾਹਿਤੀ ਆਪਣੀ ਭਾਬੀ ਹੀਰ ਸਿਫ਼ਤਾਂ ਕਰਦੀ ਹੈ, ਜੋਗੀ ਦੇ ਰੂਪ ਦੀਆਂ

ਸਾਈਡ: ਬੀ

**7- ਦੁੱਲਾ ਭੱਟੀ ( ਲੱਧੀ ਨੇ ਜਦੋਂ ਦੁੱਲਾ ਜੰਮਿਆਂ)**
ਫਰੀਦ ਸਾਂਦਲ ਬਾਰ ਦਾ ਰਾਠ,,,, ਐਤਵਾਰ ਉਸਦੇ ਘਰ ਪੁੱਤ ਜੰਮਿਆ,,,ਜਿਸਦਾ ਨਾਉਂ ਰੱਖਿਆ ਦੁੱਲਾ

**8- ਕੌਲਾਂ ਭਗਤਨੀ (ਬੀਜੇ ਨੇ ਕੌਲਾਂ ਤਿਆਗੀ)**
ਕੌਲਾਂ ਪੋਹੜ ਮੱਲ ਦੀ ਧੀ,,,,ਬੀਜੇ ਦੀ ਪਤੀਵਰਤਾ ਪਤਨੀ,,,ਜਿਸ ਨੂੰ ਝੂਠੀ ਤੋਹਮਤ ਲੱਗ ਗਈ

**9- ਮਾਤਾ ਲੱਧੀ (ਮਾਤਾ ਲੱਧੀ ਪਈ ਬੋਲਦੀ)**
ਮਾਤਾ ਲੱਧੀ ਦੁੱਲੇ ਦੀ ਮਾਂ,,,, ਚੰਧੜਾਂ ਦੀ ਧੀ,,,, ਮਰਦਾਂ ਵਰਗੀ ਬਹਾਦਰ ਔਰਤ

**10- ਕੀਮਾ ਮਲਕੀ ( ਗੜ੍ਹਮੁਗਲਾਣੇ ਦੀਆਂ ਨਾਰਾਂ)**
ਮਲਕੀ ਗੜ੍ਹਮੁਗਲਾਣੇ ਦੇ ਰਾਏ ਮੁਬਾਰਿਕ ਦੀ ਧੀ,,,ਕੀਮਾ ਤਖਤ ਹਜ਼ਾਰੇ ਦੇ ਚੋਧਰੀਆਂ ਦਾ ਪੁੱਤ,,, ਮਲਕੀ ਦੇ ਘਰ ਵਾਲਾ

**11-ਮੇਰੇ ਯਾਰ ਨੂੰ ਮੰਦਾ ਨਾ ਬੋਲੀਂ ਯਾਰ ਰੱਬ ਹੁੰਦਾ ਹੈ,,ਤੇ ਰੱਬ ਯਾਰ,,,**
ਜਿਵੇਂ ਹੀਰ ਦਾ ਰਾਂਝਾ,,, ਸੱਸੀ ਦਾ ਪੁੰਨੂ,,,, ਮਜਨੂੰ ਦੀ ਲੈਲਾ,,,, ਸੋਹਣੀ ਦਾ ਮਹੀਂਵਾਲ

ਇਸ ਰਿਕਾਰਡ ਦੀ ਇੱਕ ਬਹੁਤ ਦਿਲਚਸਪ ਕਹਾਣੀ ਵੀ ਐ ਜੋ ਕਿਸੇ ਦਿਨ ਫਿਰ ਸਾਂਝੀ ਕਰਾਂਗੇ,,, ਇਹਨਾਂ ਗੀਤਾਂ ਦੇ ਮੂਲ ਉੱਤੇ ਵੀ ਨੁਕਤਾਚੀਨੀ ਨੂੰ ਵੀ ਬਹੁਤ ਥਾਂ ਹੈ ਜਿਸ ਦਾ ਜ਼ਿਕਰ ਕਦੇ ਫੇਰ ਸਹੀ-

facebook **ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ**

# ਅੱਖੀਂ ਵੇਖਿਆ ਬਦਲਾਅ


ਇਹ ਸਿਆਸੀ ਨਹੀਂ ਸਮਾਜਿਕ ਬਦਲਾਅ ਦੀ ਗੱਲ ਐ ।ਜਿੰਦਗੀ ਦੇ 51 ਸਾਲਾਂ ਚੋਂ 35 ਵਰ੍ਹੇ ਕਿਸਾਨੀ ਜੀਵਨ ਹੰਢਾ ਲਿਆ ।ਤਿੰਨ ਪੀੜ੍ਹੀਆਂ ਵੇਖ ਲਈਆਂ , ਆਪਣੇ ਹਾਣੀਆਂ ਨਾਲ ਵੀ ਖੇਤਾਂ ਚ ਕੰਮ ਕੀਤਾ , ਬੀਤਦੀ ਜਾ ਰਹੀ ਇੱਕ ਪੀੜ੍ਹੀ ਨੂੰ ਖੇਤਾਂ ਚ ਕੰਮ ਕਰਦਿਆਂ ਵੀ ਵੇਖ ਲਿਆ ਅਤੇ ਆਉਣ ਵਾਲੀ ਪੀੜ੍ਹੀ ਨੂੰ ਵੀ ।ਇੱਕ ਘਰ ਦੇ ਦਰਜਨ ਜੀਆਂ ਨੂੰ ਇੱਕਠੀਆਂ ਖੇਤ ਚ ਵਾਢੀ ਰਦਿਆਂ ਵੀ ਵੇਖ ਲਿਆ ਤੇ ਉਨ੍ਹਾਂ ਦੀ ਨਵੀਂ ਪੀੜ੍ਹੀ ਦੀ ਇਕਲੌਤੀਆਂ ਔਲਾਦਾਂ ਨੂੰ ਨਸ਼ਿਆਂ ਵਿੱਚ ਗਲਤਾਨ ਜੇਲ੍ਹਾਂ ਚ ਰੁਲਦਿਆਂ ਜਾਂ ਵਿਦੇਸ਼ ਵੱਲ ਭੱਜਦਿਆਂ ਵੀ ।ਖੁੱਲ੍ਹੀ ਜਮੀਨ , ਤਿੰਨ ਭਰਾਵਾਂ ਚੋਂ ਦੋ ਦੇ ਤਿੰਨ ਮੁੰਡੇ , ਇੱਕ ਦੇ ਦੋ , ਤਿੰਨ ਆਪ ਤੇ ਦੋ ਸੀਰੀ , ਨਾਲ ਪੰਜ ਛੇ ਦਿਹਾੜੀਏ , ਇਕੱਠੇ ਕਣਕ ਦੀ ਹੱਥੀਂ ਵਾਢੀ ਕਰਦੇ ਵੇਖੇ। ਪੌਣੇ ਕਿੱਲੇ ਦਾ ਫਾਂਟਾ ਤੋਰਦੇ ,ਜਾਣੀ ਧੱਕ ਪੈਂਦੀ ਸੀ , ਆਂਢੀ ਗਵਾਂਢੀ ਰਸ਼ਕ ਕਰਦੇ ।ਥੋੜ੍ਹਾ ਸਮਾਂ ਪਹਿਲਾਂ ਉਨ੍ਹਾਂ ਦਾ ਦਿਨ ਰਾਤ ਖੇਤਾਂ ਚ ਖਪਣ ਵਾਲਾ ਇੱਕ ਜੀਅ ਬਰਨਾਲੇ ਕਚਿਹਰੀਆਂ ਚ ਟੱਕਰਿਆ , ਦਿਨੇ ਸ਼ਰਾਬ ਪੀਤੀ ਹੋਈ ਸੀ ।ਟੋਕਿਆ ਤਾਂ ਕਹਿੰਦਾ , ' ਗਮ ਚ ਪੀਦਾਂ ਹਾਂ , ਕੱਲਾ ਮੁੰਡਾ ਸੀ ਚਿੱਟੇ ਤੇ ਲੱਗ ਗਿਆ , ਫੜਿਆ ਗਿਆ , ਜੇਲ੍ਹ ਚ ਹੈ , ਹੁਣ ਵਕੀਲ ਕੋਲੋਂ ਆਇਆ ਹਾਂ। ਵੈਸੇ ਤਾਂ ਬਦਲਾਅ ਕੁਦਰਤੀ ਨਿਯਮ ਹੈ ਜਿਸ ਨੂੰ ਅਸੀਂ ਜਨਰੇਸ਼ਨ ਗੈਪ ਵੀ ਕਹਿ ਦਿੰਦੇ ਹਾਂ ਜੋ ਸਹੂਲਤਾਂ ਅਤੇ ਕਿੱਤਿਆਂ ਅਨੁਸਾਰ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ ਪਰ ਕਿਤੇ ਕਿਤੇ ਇਹ ਵੀ ਮਹਿਸੂਸ ਹੁੰਦਾ ਕਿ ਵਾਹੀਕਾਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਖੇਤੀ ਧੰਦੇ ਤੋਂ ਹੀ ਪਾਸਾ ਵੱਟ ਰਹੀਆਂ ਹਨ , ਉਹ ਇਹ ਕੰਮ ਕਰਕੇ ਰਾਜੀ ਨਹੀਂ ।ਕੀ ਵੱਡਾ ਕੀ ਛੋਟਾ , ਨਵਾਂ ਵਰਗ ਹੋਰ ਕਿੱਤੇ ਕਰਨ ਜਾਂ ਸਭ ਕੁੱਝ

**✍ ਦਿਲ ਦੀ ਗੱਲ**

ਵੇਚ ਵੱਟ ਕੇ ਵਿਦੇਸ਼ ਜਾਣ ਨੂੰ ਤਰਜੀਹ ਦੇ ਰਿਹਾ ਹੈ । ਵੀਹ ਬਾਈ ਸਾਲ ਕੰਬਾਈਨ ਦਾ ਸ਼ੀਜਨ ਵੀ ਲਾਇਆ , ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦਾ ਰਿਹਾ। ਇੱਕ ਸੱਤ ਅੱਠ ਕਿੱਲਿਆਂ ਵਾਲਾ ਕਿਸਾਨ ਆਪਣੇ ਬੇਟੇ ਨੂੰ ਕਹਿੰਦਾ ਕਿ ਘੇਰੇ ਚੋਂ ਘਾੜ੍ਹਾ ਫੜ ਲੈ , ਟਰੈਕਟਰ ਤੇ ਬੈਠੇ ਨੇ ਜਵਾਬ ਦੇ ਦਿੱਤਾ ਕਿ, ' ਤੂੰ ਪਹਿਲਾਂ ਨੀ ਦੱਸਿਆ ! ਮੈਂ ਕੱਪੜੇ ਬਦਲ ਆਉਂਦਾ , ਓਨੇ ਦੇ ਚਾਰ ਸੇਰ ਦਾਣੇ ਨੀ ਹੋਣੈ , ਉਸ ਤੋਂ ਵੱਧ ਦੇ ਮੇਰੇ ਕੱਪੜੇ ਖਰਾਬ ਹੋ ਜਾਣੇ ਆ ' ।ਜਵਾਬ ਸੁਣ ਕੇ ਉਸ ਦੇ ਦਾਦੇ ਦੇ ਟਾਕੀਆਂ ਵਾਲੀਆਂ ਝੁੱਗੇ ਪਜਾਮੇ ਚ ਬਲਦਾਂ ਨਾਲ ਹਲ ਵਾਹੁੰਦੇ ਵੇਖੇ ਦੀ ਤਸਵੀਰ ਅੱਖਾਂ ਅੱਗੇ ਘੁੰਮ ਗਈ ਅਤੇ ਉਹ ਇੱਕ ਦਿਨ ਕੈਨੇਡਾ ਜਾਣ ਲਈ ਫਾਈਲਾਂ ਚੁੱਕੀ ਫਿਰਦਾ ਮਿਲਿਆ ਕਹਿੰਦਾ ਕਿ ਮੈਡੀਕਲ ਕਰਵਾਉਣ ਚੱਲਿਆ ਪੂਰਾ ਬਾਗ਼ੋ ਬਾਗ਼ ਸੀ, ਗੋਰਿਆਂ ਦੇ ਬਾਗਾਂ ਚ ਜਾਕੇ ਦਿਹਾੜੀਆਂ ਕਰਨ ਲਈ ।ਹੋਰ ਵੀ ਅਜਿਹੇ ਬਹੁਤ ਕਿੱਸੇ ਨੇ । ਦੋ ਸਾਲ ਪਹਿਲਾਂ ਜਦ ਕਿਸਾਨ ਅੰਦੋਲਨ ਚੱਲਿਆ ਸੀ ਤਾਂ ਹਰ ਕਿਸੇ ਦੇ ਮੂੰਹੋਂ ਇਹੀ ਨਿੱਕਲਦਾ ਸੀ ਕਿ ਮਰ ਜਾਵਾਂਗੇ ਜਾਂ ਮਾਰ ਦਿਆਂਗੇ ਪਰ ਜਮੀਨ ਚ ਪੈਰ ਨੀ ਕਿਸੇ ਨੂੰ ਧਰਨ ਦਿੰਦੇ ।ਪੰਗਾ ਪੈ ਗਿਆ ਸੈਂਟਰ ਨਾਲ ਹਰੇਕ ਟਰੈਕਟਰ ਦੇ ਡੈੱਕ ਤੇ ਵੱਜਦਾ ਸੀ ਪਰ ਹੁਣ ਲੱਗਦਾ ਆਪਣੇ ਆਪ ਹੀ ਜਮੀਨ ਤੋਂ ਆਪਣਾ ਦਾਅਵਾ ਛੱਡਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਮੈਨੂੰ ਕੀ ' ਅਤੇ ' ਖੱਡ ਚ ਹੱਥ ਤੂੰ ਪਾ ਮੰਤਰ ਮੈਂ ਪੜ੍ਹਦਾਂ ' ਦੀ ਮਾੜੀ ਸੋਚ ਨੇ ਵੀ ਬੇੜਾ ਗਰਕ ਕੀਤਾ ਹੋਇਆ ਹੈ ।ਸਰਕਾਰਾਂ ਤਾਂ ਦੋਸ਼ੀ ਹਨ ਹੀ ਪਰ ਸਾਡੇ ਨੇੜੇ ਤੇੜੇ ਕੀ ਸਾਨੂੰ ਪਤਾ ਨੀ ਕਿ ਕੌਣ ਸਾਨੂੰ ਤਬਾਹ ਕਰ ਰਿਹਾ ?ਕੌਣ ਨਸ਼ਾ ਵੇਚਦਾ ?ਕੌਣ ਨਕਲੀ ਦੁੱਧ ਵੇਚਦਾ ?ਬੋਲਦਾ ਕੋਈ ? ਜੇ ਕੋਈ ਬੋਲਦਾ ਤਾਂ ਅਗਲੇ ਚੁੱਪ ਕਰਵਾਉਣ ਆ ਜਾਂਦੇ ਆ ।ਕੋਈ ਇੱਕਾ ਦੁੱਕਾ ਹੀ ਹੈ ਜੋ ਬੋਲਣ ਵਾਲੇ ਦੇ ਮੋਢੇ ਨਾਲ ਮੋਢਾ ਲਾ ਲਵੇ , ਬਹੁਤ ਗਿਣਤੀ ਤਮਾਸ਼ਾ ਵੇਖਣ ਤੇ ਕੱਛਾਂ ਵਜਾਉਣ ਵਾਲੀ ਹੀ ਹੁੰਦੀ ਐ ।ਇਹ ਵੇਖਿਆ ਹੀ ਨਹੀਂ ਹੰਢਾਇਆ ਵੀ ਹੈ ।ਨਸ਼ਾ ਹਰ ਕੋਈ ਮਾੜਾ ਹੈ , ਸਿਆਣੇ ਕਹਿੰਦੇ ਵੈਲ ਤਾਂ ਰੋਟੀ ਦਾ ਵੀ ਮਾੜਾ ਹੈ ਪਰ ਚਮਚਾ ਤੇ ਮਾਵਾ ਖਾਣ ਵਾਲੇ , ਤੌੜਾ ਤਪਲਾ ਤੱਤਾ ਕਰਨ ਵਾਲੇ ਸੱਤਰ ਪਝੱਤਰ ਸਾਲ ਜਿਉਂਦੇ ਵੇਖੇ ਪਰ ਹੁਣ ਢਿੱਗ ਵਰਗੇ ਜਵਾਨਾਂ ਦੇ ਨਾੜ ਚ ਸਰਿੰਜ ਹੀ ਰਹਿ ਜਾਂਦੀ ਐ । ਖੈਰ ! ਮਾਫ ਕਰਨਾ , ਹੋ ਸਕਦਾ ਮੇਰੀ ਸੋਚਣੀ ਨਕਾਰਤਮਕ ਹੋਵੇ ਪਰ ਵਿਹਲੜਪੁਣਾ , ਨਸ਼ਿਆਂ ਦਾ ਸ਼ਿਕਾਰ ਨਵੀਂ ਪੀੜ੍ਹੀ ਅਤੇ ਵਿਦੇਸ਼ਾਂ ਵੱਲ ਭੱਜ ਰਹੀ ਜਵਾਨੀ ਅਤੇ ਉਸ ਦੀ ਥਾਂ ਮੱਲ ਰਹੇ ਯੂਪੀ ਬਿਹਾਰੀਏ ਤੋਂ ਤਾਂ ਇਹੀ ਲੱਗਦਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਿਰਫ ਨਾਮ ਦਾ ਪੰਜਾਬ ਹੀ ਰਹਿ ਜਾਣਾ ।ਪੰਜਾਬ ਦੀ ਤਸ਼ੀਰ ਖੁਰ ਰਹੀ ਹੈ ।ਇੱਕ ਸਾਖੀ ਚ ਸੁਣਿਆ ਕਿ ਬਾਬੇ ਨਾਨਕ ਨੇ ਬੁਰਿਆਂ ਨੂੰ ਵਸਦੇ ਰਹੋ ਤੇ ਚੰਗਿਆਂ ਨੂੰ ਉੱਜੜ ਜਾਓ ਕਿਹਾ ਸੀ ।ਅੱਜ ਦਾ ਉਜਾੜਾ ਸ਼ਾਇਦ ਮਾੜਿਆਂ ਤੋਂ ਚੰਗਿਆਂ ਦੇ ਡਰ ਕੇ ਭੱਜਣ ਦਾ ਹੈ ।ਅਮ੍ਰਿਤ ਪਾਲ ਕੌਣ ਹੈ ?ਕਿਉਂ ਆਇਆ ? ਉਸ ਦੀ ਮਨਸਾ ਕੀ ਐ ?ਇਹ ਸਵਾਲ ਪਾਸੇ ਰੱਖ ਕੇ ਮੈਂ ਉਸ ਦੀ ਗੱਲ ਨਾਲ ਸੌ ਫੀਸਦੀ ਸਹਿਮਤ ਹਾਂ ਕਿ ਇਹ ਉਸ ਕਾਲੇ ਦੌਰ ਤੋਂ ਵੀ ਮਾੜਾ ਦੌਰ ਹੈ , ਜਿਸ ਦਾ ਅਸਲੀ ਨਤੀਜਾ ਆਉਣ ਵਾਲੇ ਅਗਲੇ ਸਾਲਾਂ ਚ ਵਿਖਾਈ ਦੇਵੇਗਾ

**(ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ ਕਾਪੀ ਕੀਤਾ)**


# ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।

ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।

ਕਾਲ ਕਰੋ:
1 250 319 7263




ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ






**ਨੇੜੇ ਹੁੰਦਿਆਂ ਤੇਰੀ ਹੋਂਦ ਮਾਮੂਲੀ ਲੱਗਦੀ ਸੀ**
**ਦੂਰ ਹੋਏ ਤਾਂ ਤੇਰੇ ਬਾਝੋਂ ਰੋਏ ਅਸੀਂ ਬੜਾ।**
**ਕਿਹੜਾ ਮੁੱਲ ਚੁਕਾਉਂਦੇ ਏਥੇ ਜ਼ਿੰਦਗੀ ਦਾ**
**ਬਸ ਓਹੀਓ ਲੈ ਜਾਂਦੇ ਜਿਸ ਦਾ ਲੱਗਦਾ ਦਾਅ।**
**( ਅਮਰਜੀਤ ਢਿੱਲੋਂ )**

ਜੇ ਇਹ ਸੱਚ ਹੈ ਕਿ ਸਕੂਲ ਦੀਆਂ ਜਮਾਤਾਂ ਸਰ ਕਰਨ ਪਿੱਛੋਂ ਜੋ ਬਾਕੀ ਚੇਤੇ ਰਹਿ ਜਾਂਦਾ ਹੈ ਓਹੀ ਪੜ੍ਹਾਈ ਹੈ ਤਾਂ ਹੁਣ ਤੱਕ ਜ਼ਿੰਦਗੀ ਦੇ ਲੰਘੇ ਵਿਸ਼ੇਸ਼ ਪਲ ਜਦ ਹੁਣ ਦੀ ਹਵਾ ਕੋਲ ਸੱਜਰੇ ਕਰਦੇ ਹਾਂ, ਓਹੀ ਯਾਦਾਂ ਹਨ। ਇਹ ਯਾਦਾਂ ਸਾਡਾ ਸਰਮਾਇਆ ਹਨ, ਸਾਡੀ ਅਮਾਨਤ ਹਨ, ਸਾਡੀ ਵਿਹਲ ਲਈ ਧਰਵਾਸ ਹਨ। ਇਹ ਅੱਜ ਦੇ ਰੁਝੇਵਿਆਂ ਨਾਲ ਝੰਬੀ ਸੁਰਤ ਦਾ ਥਕੇਵਾਂ ਲਾਹ ਧਰਦੀਆਂ ਹਨ। ਯਾਦਾਂ ਦੀ ਦਹਿਲੀਜ਼ ਤੇ ਸਿਜਦਾ ਕਰਦੇ ਅਸੀਂ ਕੀ ਤੋਂ ਕੀ ਹੋ ਜਾਂਦੇ ਅਤੀਤ ਫੋਲਦੇ ਉਮਰਾਂ ਦੇ ਪਿਛਲੇ ਮੋੜ ਤੇ ਜਾ ਅਪੜਦੇ ਹਾਂ। ਜਦੋਂ ਯਾਦਾਂ ਬਰਸਦੀਆਂ ਹਨ ਤਾਂ ਘਨਘੋਰ ਘਟਾਵਾਂ ਬਣ ਕੇ ਮਨ ਦੇ ਅਸਮਾਨੀ ਆ ਉਤਰਦੀਆਂ ਹਨ। ਸੀਨੇ ਫ਼ਰੀਜ਼ ਹੋਏ ਵਿਸ਼ੇਸ਼ ਪਲ ਸੱਜਰੇ ਹੋ ਜਾਂਦੇ ਹਨ। ਮਨ ਨਿਭੀਆਂ ਸਾਂਝਾਂ ਦੀ ਬੁੱਕਲ ਵਿੱਚ ਜਾ ਲੁੜ੍ਹਕਦਾ ਹੈ ਜਿੱਥੇ ਕਹਿ ਉਠਦਾ ਹੈ -

ਅੱਜ ਤੇਰੇ ਸ਼ਹਿਰ ਵਿੱਚੋਂ ਲੰਘੇ ਸੀ,
ਯਾਦ ਆਗੇ ਉਹ ਪਲ ਜਦ ਤੁਸੀਂ ਸਾਹਾਂ ਤੋਂ ਵੀ ਮਹਿੰਗੇ ਸੀ।

ਯਾਦਾਂ ਵਿਚਲੇ ਉਹ ਪਲ ਕਈ ਵਾਰ ਸੀਨੇ ਖੁਭੇ ਖੰਜਰ ਵਰਗੇ ਹੁੰਦੇ ਖ਼ੁਸ਼ੀ ਸਮੇਂ ਵੀ ਕੱਚ ਦੀਆਂ ਟੁੱਟੀਆਂ ਵੰਗਾਂ ਦੇ ਟੁਕੜਿਆਂ ਵਾਂਗ ਚੁਭਦੇ ਆਖਦੇ ਹਨ - ਤੁਮ ਹੋਤੇ ਤੋ ਕਿਆ ਹੋਤਾ। ਕਈ ਵਾਰ ਮਨ ਕਾਸ਼। ਕੋਲ ਜਾ ਜਾ ਮੁੜਦਾ ਹੈ। ਜੇ ਕਿਸੇ ਆਪਣੇ ਨੂੰ ਸਿਵੇ ਚ ਰਾਖ ਹੁੰਦਿਆਂ ਵੇਖਿਆ ਹੋਵੇ, ਜਰਿਆ ਹੋਵੇ। ਉਸ ਤੁਰ ਗਏ ਆਪਣੇ ਦੇ ਹੀ ਗਲ਼ ਲੱਗ ਕੇ ਹੋਈ ਬੀਤੀ ਫੋਰੀ ਕਰਨ ਨੂੰ ਮਨ ਕਈ ਵਾਰ ਉਛਲ਼ਦਾ ਹੈ। ਦਿਨ, ਮਹੀਨੇ, ਸਾਲ ਤੇ ਦਹਾਕਿਆਂ ਤੋਂ ਹੁੰਦਾ ਹੋਇਆ ਵਕਤ ਕਦੋਂ ਹੱਥੋਂ ਤਿਲਕ ਗਿਆ, ਉਮਰਾਂ ਸਿਰੋਂ ਲੰਘੀਆਂ ਧੁੱਪਾਂ ਛਾਵਾਂ ਦਾ ਲੇਖਾ ਜੋਖਾ ਔਖਾ ਲਗਦਾ ਹੈ। ਯਾਦਾਂ ਦੇ ਕੁੱਝ ਪਲ ਮਾਸੂਮ ਦੀਆਂ ਆਲ਼ੀਆਂ ਭੋਲ਼ੀਆਂ ਤੋਤਲੀਆਂ ਜਹੇ ਹੁੰਦੇ ਹਨ ਜਿਨ੍ਹਾਂ ਤੋਂ ਵਾਰੇ ਵਾਰੇ ਜਾਣ ਨੂੰ ਦਿਲ ਕਰਦਾ ਹੈ। ਜਦ ਆਪਣੀ ਹੀ ਉਲਾਦ ਨੂੰ ਸਿਲ਼ਤ ਤੋਂ ਸ਼ਤੀਰ ਹੁੰਦੇ, ਮੌਲਦੇ ਅਤੇ ਵਿਗਸਦੇ ਮਾਣਿਆ ਹੈ। ਭਜਦੇ ਬੱਦਲਾਂ ਵਿੱਚ ਤੈਰਦੀਆਂ ਤਸਵੀਰਾਂ ਵਰਗੇ ਪਲ, ਪਾਣੀ ਦੀ ਝੀਲ ਤੇ ਤੈਰਦੀ ਮੁਰਗਾਈ ਵਰਗੇ ਦਿਨ, ਕਿਸੇ ਅੱਲ੍ਹੜ ਦੀ ਕਿਲਕਾਰੀ ਵਰਗੇ ਪਲ ਪਤਾ ਨਹੀਂ ਕਦੋਂ ਲੰਘੇ, ਜਦ ਵਰ੍ਹੇ ਪਲਾਂ ਵਰਗੇ ਸਨ। ਵਕਤ ਨਾਲ ਯਾਦਾਂ ਭੁਰ ਜਾਂਦੀਆਂ ਨੇ, ਨਜ਼ਰ ਦਾ ਰੰਗ ਉਮਰਾਂ ਦੀਆਂ ਧੁੱਪਾਂ ਖੋਰ ਦਿੰਦੀਆਂ ਹਨ। ਅੰਦਰਲਾ ਸੱਖਣ ਬਾਹਰਲੀ ਭੀੜ ਨਾਲ ਨਹੀਂ ਸੌਰਦਾ। ਬਲਦੇ ਦੀਵੇ ਦੀ ਲਾਟ ਵਰਗੇ ਪਲਾਂ ਦੀ ਯਾਦ ਮੁੜ ਹੰਢਾ ਲੈਣ ਦੀ ਲੋਚਾ ਸਿਰ ਚੁਕਦੀ ਹੈ, ਜਦ ਕਿ ਇਹ ਪਤਾ ਹੈ ਕਿ ਜੋ ਬੀਤ ਗਏ ਵੋ ਜ਼ਮਾਨੇ ਨਹੀਂ ਆਤੇ, ਆਤੇ ਤੋ ਹੈਂ ਨਯੇ ਲੋਗ ਪੁਰਾਨੇ ਨਹੀਂ ਆਤੇ। ਕਈ ਵਾਰ ਪਹਾੜ ਵਰਗੀ ਜ਼ਿੰਦਗੀ ਦੀ ਹਿੱਕ ਤੇ ਉੱਠੇ ਛਾਲੇ ਵਰਗੀ ਯਾਦ ਆਉਂਦੀ ਹੈ ਜਦ ਉਦਾਸ ਨਜ਼ਰਾਂ ਵਰਗੇ ਘਰ ਦੀਆਂ ਬਰੂਹਾਂ ਤੇ ਕਿਸੇ ਪੋਟਿਆਂ ਦੀ ਛੋਹ ਦਾ ਝਾਉਲ਼ਾ ਪੈਂਦਾ ਹੈ।

ਕਈ ਵਾਰ ਬੀਤ ਰਹੇ ਅਤੇ ਬੀਤ ਚੁੱਕੇ ਵਕਤ ਦੀ ਵਿੱਥ ਵਿੱਚ ਖੜ੍ਹ ਕੇ ਹਵਾਵਾਂ ਨੂੰ ਦਰ ਖੋਲ੍ਹੇ ਹਨ। ਆਪਣੇ ਬੱਚਿਆਂ ਦੇ ਵਿਆਹਾਂ ਤੇ ਵਿਆਹ ਦਾ ਪਹਿਲਾ ਕਾਰਡ ਜੱਗੋਂ ਤੁਰ ਗਏ ਉਨ੍ਹਾਂ ਦੇ ਪਿਤਾ ਨੂੰ ਲਿਖਦਿਆਂ ਯਾਦਾਂ ਹਵਾਲੇ ਹੋਇਆ ਮਨ ਕਿੰਨਾ ਬੇਬਸ ਹੋ ਕੇ ਝੂਰਦਾ ਹੋਇਆ ਵੀ ਜਰਿਆ ਹੈ। ਕਈ ਵਾਰ ਜਦ ਯਾਦਾਂ ਦਾ ਭਾਰ ਹਿੱਕ ਵਿਚਲੇ ਸਾਹਾਂ ਤੇ ਭਾਰੂ ਹੋ ਜਾਂਦਾ ਹੈ ਸਭ ਹੋਈ ਬੀਤੀ ਨੂੰ ਉਮਰਾਂ ਦੀ ਲੋਈ ਵਾਂਗ ਦੇਹੀ ਦੁਆਲ਼ੇ ਵਲ੍ਹੇਟ ਲਈਦਾ ਹੈ। ਸਾਡੇ ਮੂਹਰੇ ਘੁਸਮੁਸੇ ਦਾ ਪਰਦਾ ਆ ਜਾਂਦਾ ਹੈ। ਜਿਵੇਂ ਮੈਂ ਹੁਣ ਮਨਫ਼ੀ ਰਕਮ ਹੋਵਾਂ। ਯਾਦ ਆਉਂਦੇ ਨੇ ਉਹ ਪਲ ਜਦ ਆਪਾਂ ਬਿਨਾ ਕਾਰਨ ਹੀ ਖ਼ੂਬ ਹੱਸੇ ਸੀ। ਅੱਜ ਉਹ ਹਾਸਾ ਯਾਦ ਕਰ ਕੇ ਖ਼ੂਬ ਰੋ ਲਈਦਾ ਹੈ। ਜਿਨ੍ਹਾਂ ਕੋਲ਼ ਯਾਦਾਂ ਦੀ ਪੋਟਲੀ ਨਹੀਂ ਹੁੰਦੀ, ਉਨ੍ਹਾਂ ਦੇ ਵੇਰਵੇ ਬਸ ਨਜ਼ਰ ਤੱਕ ਹੀ ਸਿਮਟ ਜਾਂਦੇ ਹੋਣੇ। ਥੱਕੇ ਹਾਰੇ ਰਾਹੀ ਵਾਂਗ ਉਹ ਉਮਰ ਦੇ ਪਿਛਲੇ ਪਹਿਰ ਭਾਰੇ ਕਦਮੀਂ ਤੁਰਦੇ ਹੋਣਗੇ। ਇਕੱਲ ਨੂੰ ਯਾਦਾਂ ਦੀ ਥੰਮੀਂ ਚਾਹੀਦੀ ਹੈ। ਯਾਦ ਹੰਢਾਏ ਅਨੰਦ ਨੂੰ ਸਾਂਭ ਕੇ ਰੱਖਦੀ ਹੈ। ਤਲਖੀਆਂ ਦੇ ਰੂ-ਬ-ਰੂ ਅਸੀਂ ਲੰਘੇ ਪਲਾਂ ਤੋਂ ਸਿਰ ਪਲੋਸਣ ਦੀ ਮੰਗ ਰਖਦੇ ਹਾਂ। ਕਿਸੇ ਨੇ ਕਿਹਾ ਹੈ - ਦੋਸਤਾਂ ਨੂੰ ਯਾਦ ਕਰ ਕੇ ਰੋ ਪਏ ਦੁਸ਼ਮਣਾਂ ਦੇ ਜਦ ਗਲ਼ੇ ਲੱਗਣਾ ਪਿਆ। ਬਹੁਤੇ ਲੋਕ ਅਤੀਤ ਤੇ ਝੂਰਦੇ ਵਰਤਮਾਨ ਨੂੰ ਘੂਰਦੇ ਤੇ ਆ ਰਹੇ ਤੋਂ ਡਰਦੇ ਹਨ। ਪਰ ਸੀਨੇ ਸਮੋਏ ਸਦਮੇ ਦੀ ਬਾਤ, ਅੰਤਰਮਨ ਵਿੱਚ ਬੱਝਿਆਂ ਸੰਸਿਆਂ ਦੀ ਗਾਥਾ ਹੋਰਨਾ ਕੋਲ ਦੁਹਰਾ ਕੇ ਮਨ ਹਲਕਾ ਹੋ ਜਾਂਦਾ ਹੈ। ਵਿਵਰਜਿਤ ਰੁੱਤਾਂ ਵਿੱਚ ਮੌਲਦੀ ਮੈਂ ਪਟਿਆਲੇ ਦੇ ਸਟੇਡੀਅਮ ਵਿੱਚ ਸਿਰ ਤੇ ਗੁੰਦੇ ਨੀਲੇ ਰਿਬਨਾਂ ਨਾਲ ਆਜ਼ਾਦੀ ਦਾ ਦਿਨ ਮਨਾ ਰਹੀ ਸੋਚਦੀ ਹੋਣੀ ਕਦੇ ਬਚਪਨ ਵਿੱਚੋਂ ਵੱਡੇ ਹੋ ਕੇ ਵਿਚਰਨ ਦੀ ਲਾਲਸਾ ਹੀ ਨਾ ਰੱਖਾਂ। ਪਰ ਹੁਣ ਕਈ ਦਹਾਕੇ ਮੇਰੇ ਨਾਲ ਆ ਜੁੜੇ ਹਨ। ਯਾਦਾਂ ਵਿੱਚ ਮੁਸਕਰਾਉਂਦੇ ਉਹ ਪਲ ਮੇਰੇ ਹੁਣ ਦਾ ਹੁੰਗਾਰਾ ਬਣ ਰਹੇ ਹਨ। ਇਨ੍ਹਾਂ ਯਾਦਾਂ ਨੇ ਦੁੱਖਾਂ ਦੀ ਦੁਪਹਿਰ ਵਿੱਚ ਸੰਘਣੀ ਛਾਂ ਵਰਗਾ ਅਹਿਸਾਸ ਬਖ਼ਸ਼ਿਆ ਹੈ।

**ਉਜਾਲੇ ਅਪਨੀ ਯਾਦੋਂ ਕੇ ਮੇਰੇ ਸਾਥ ਰਹਿਨੇ ਦੋ**
**ਨ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ।**
**(ਬਸ਼ੀਰ ਬਦਰ)**




# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ( ਅਨਮੈਰਿਡ) ਉਮਰ 39 ਸਾਲ, ਕੱਦ 5 ਫੁੱਟ 10 ਇੰਚ, ਨਸ਼ਿਆਂ ਤੋਂ ਰਹਿਤ, ਸਰਦਾਰੀ ਦਿੱਖ, ਚੰਗੀ ਜੌਬ ਕਰ ਰਹੇ ਲੜਕੇ ਲਈ, ਕਨੇਡੀਅਨ ਸਿਟੀਜਨ, ਇੰਮੀਗਰਾਂਟ,ਵਰਕ ਪਰਮਿਟ ਜਾਂ ਵਿਜਟਿਰ ਵੀਜੇ ਰਹਿ ਰਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਉਮਰ 35 ਸਾਲ ਦੇ ਨੇੜੇ ਤੇੜੇ ਹੋਵੇ। ਸੰਪਰਕ: 1 647 858 7178 ***209***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ : ਪਲੱਸ 2 ਤੋਂ ਡਿਪਲੋਮਾ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ, ਬਰਨਾਲਾ, ਬਠਿੰਡਾ ਇਲਾਕੇ ਨੂੰ ਪਹਿਲ । ਸੰਪਰਕ: 1 204 361 5911 ***209***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪੰਜਾਬ ਤੋਂ Masters of Computer Appilcaitons ਅਤੇ SAIT ਤੋਂ IT ਡਿਪਲੋਮਾ ਕੀਤਾ ਹੈ, ਲਈ ਚੰਗੇ ਰਿਸ਼ਤੇ ਦੀ ਲੋੜ ਹੈ, ਵਰਕ ਪਰਮਿਟ ਤੇ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ/whatsapp +1 825-561-2720 Email: gxgill5609@gmail.com *** 208***

### ਲੜਕੀ ਦੀ ਲੋੜ

ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ । ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

### ਲੜਕੇ ਦੀ ਲੋੜ

ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਿਸਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

### ਲੜਕੇ ਦੀ ਲੋੜ

ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

### ਲੜਕੀ ਦੀ ਲੋੜ

ਕਨੇਡਾ ਦੇ ਵਿਜਟਰ ਵੀਜੇ ਉੱਪਰ ਆਏ ਪੜੇ ਲਿਖੇ ਸਿੱਖ ਪਰਿਵਾਰ ਦੇ ਲੜਕੇ ,ਜਨਮ 1985,ਕੱਦ 5 ਫੁੱਟ 9 ਇੰਚ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਲੜਕਾ ਇੰਡੀਆ ਵਿੱਚ ਅਮਰੀਕਨ ਕੰਪਨੀ ਵਿੱਚ ਅਕਾਊਂਟੈਂਟ ਵੱਜੋਂ ਜੌਬ ਕਰ ਰਿਹਾ ਹੈ।ਲੜਕੇ ਦੀ ਭੈਣ ਕਨੇਡਾ ਵੈਲ ਸੈਟਲਡ ਹੈ । ਸੰਪਰਕ; 403 991 1717 , 403 671 1159 ***209***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਬਿਜਨਿਸ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 246 4261 ***209***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 23 ਸਾਲ, ਕੱਦ 6 ਫੁੱਟ , ਵਿਦਿਅਕ ਯੋਗਤਾ ਪਲੱਸ ਟੂ ਪਰ ਹਾਲੇ ਅਗਲੇਰੀ ਪੜ੍ਹਾਈ ਜਾਰੀ ਹੈ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਜਲਦੀ ਹੀ ਪੰਜਾਬ ਵਿਆਹ ਕਰਵਾਉਣ ਆ ਰਿਹਾ ਹੈ। ਪਰਿਵਾਰ ਇੱਕੋ ਸਮੇਂ ਦੋਵੇਂ ਵਿਆਹ ਕਰਨਾ ਚਾਹੁੰਦਾ ਹੈ। ਸੰਪਰਕ: 1 778 246 4261 ***209***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਦੇਸਾ ਪਰਿਵਾਰ ਦੀ ਲੜਕੀ, ਉਮਰ 29 ਸਾਲ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ (ਇੰਡੀਆ) ਲਈ ਹਾਣ ਪਰਵਾਣ ਦੇ ਕਨੇਡੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 (780) 236-0082 ***209***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 25 ਸਾਲ, ਕੱਦ 5 ਫੁੱਟ, ਵਿਦਿਅਕ ਯੋਗਤਾ BSc, B ed, ਲਈ ਕੈਨੇਡਾ ਤੋਂ ਹੀ ਵੈਸ਼ਨੋ ਪਰਿਵਾਰ ਦੇ ਚੰਗੀ ਜੌਬ ਕਰਦੇ। ਚੰਗੇ ਪੜ੍ਹੇ ਲਿਖੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਟੀਚਰ ਦੀ ਜੌਬ ਕਰ ਰਹੀ ਹੈ। ਵਿਨੀਪੈਗ ਵਾਸੀ ਲੜਕੇ ਨੂੰ ਪਹਿਲ। ਸੰਪਰਕ:1 431 999 1448 ***209***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੂਸ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: 12 ਗਰੇਡ ਲਈ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 780 242 3430 ***209***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 34 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਪੱਗ ਬੰਨਣ ਵਾਲੇ ਲੜਕੇ ਨੂੰ ਪਹਿਲ, ਵਿਆਹ ਜਲਦੀ, ਲੜਕੇ ਦਾ ਕੱਦ 6 ਫੁੱਟ ਦੇ ਨਜਦੀਕ ਹੋਵੇ। ਸਿਰਫ ਕਨੇਡਾ ਵਿੱਚੋਂ ਹੀ ਵਰਕ ਪਰਮਿਟ ਜਾਂ ਵਿਜਟਿਰ ਆਏ ਲੜਕੇ ਹੀ ਸੰਪਰਕ ਕਰਨ। ਲੜਕੀ ਕੋਲ ਆਪਣਾ ਘਰ ਹੈ। ਕਾਲ: 1 604 507 3137 ਜਾਂ 91 98 778 13000 ***208***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਮੋਰੀਆ ਹਿੰਦੂ ਪਰਿਵਾਰ ਦੀ ਸੋਹਣੀ ਸੁਨੱਖੀ ,ਉਮਰ 26 ਸਾਲ, ਕੱਦ 5 ਫੁੱਟ 2 ਇੰਚ, ਹੈਲਥ ਕੇਅਰ ਏਡ ਦੀ ਯੋਗਤਾ ਵਾਲੀ ਲੜਕੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ:1-431 541 4449 ***208***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ,ਵੈੱਲ ਸੈਟਲਡ,ਵੈਸ਼ਨੂੰ ਲੜਕੇ ਉਮਰ 38 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਬੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 8700 ***208***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਕੰਬੋਜ਼ ਸਿੱਖ ਪਰਿਵਾਰ ਦੇ ਲੜਕੇ, ਉਮਰ 29 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਟੈਕ ਲਈ ਹਾਣ ਪ੍ਰਵਾਣ ਦੀ ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵਿਨੀਪੈਗ ਵਿੱਚ ਆਪਣਾ ਘਰ, ਆਪਣਾ ਬਿਜਨਿਸ ਅਤੇ ਇੰਡੀਆ ਵਿੱਚ ਅਰਬਨ ਅਤੇ ਰੂਰਲ ਪ੍ਰਾਪਰਟੀ ਦਾ ਮਾਲਕ ਹੈ। ਕਾਲ: 1 431 337 7171 ***208***

### ਲੜਕੀ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਏ ਰਾਮਗੜੀਆ ਉੱਭੀ ਪਰਵਾਰ ਦੇ ਸੋਹਣੇ ਸੁਨੱਖੇ,ਕਲੀਨਸ਼ੇਵ ਲੜਕੇ ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 907 5965 ਜਾਂ ਇੰਡੀਆ ਮਾਪਿਆਂ ਦਾ ਫੋਨ: 98 881 42945 ***208***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ,ਪੱਕੀ ਜੌਬ ਕਰਦੇ ਅਤੇ ਬਿਜਨਿਸ ਹੋਲਡਰ ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ਵੈਲ ਸੈਟਲਡ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 403 862 0002,403 926 0080 ***208***

## ਸਿੱਖ ਨੇ ਜਿੱਤਿਆ 2023 ਦਾ ਐਨਐਸਡਬਲਿਊ ਆਸਟ੍ਰੇਲੀਅਨ ਔਫ਼ ਦਾ ਯੀਅਰ ਐਵਾਰਡ

ਮੈਲਬਰਨ (ਪੰਜਾਬੀ ਅਖਬਾਰ ਬਿਊਰੋ) ਭਾਰਤੀ ਮੂਲ ਦੇ ਸਿੱਖ ਅਮਰ ਸਿੰਘ ਨੂੰ ਹੜ੍ਹ, ਝਾੜੀਆਂ ਦੀ ਅੱਗ, ਸੋਕੇ ਅਤੇ ਕੋਵਿਡ-19 ਮਹਾਂਮਾਰੀ ਨਾਲ ਪ੍ਰਭਾਵਿਤ ਭਾਈਚਾਰੇ ਦੀ ਸਹਾਇਤਾ ਕਰਨ ਲਈ ਨਿਊ ਸਾਊਥ ਵੇਲਜ਼ ਆਸਟ੍ਰੇਲੀਅਨ ਔਫ਼ ਦਾ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। 41 ਸਾਲ ਦੇ ਸਿੰਘ ਟਰਬਨਜ਼ 4 ਆਸਟ੍ਰੇਲੀਆ ਦੇ ਸੰਸਥਾਪਕ ਅਤੇ ਪ੍ਰਧਾਨ ਹਨ - ਇਕ ਚੈਰਿਟੀ ਸੰਸਥਾ ਜੋ ਵਿੱਤੀ ਤੰਗੀ, ਭੋਜਨ ਦੀ ਅਸੁਰੱਖਿਆ, ਬੇਘਰੇ ਅਤੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਦੀ ਹੈ।

ਟਰਬਨਜ਼ 4 ਆਸਟ੍ਰੇਲੀਆ ਨੇ ਪਿਛਲੇ ਹਫ਼ਤੇ ਟਵੀਟ ਕੀਤਾ ਸੀ, "ਸਾਡੇ ਪ੍ਰਧਾਨ ਅਤੇ ਸੰਸਥਾਪਕ ਨੂੰ ਇਸ ਹਫ਼ਤੇ e~, ਦਾ ਲੋਕਲ ਹੀਰੋ ਨਾਮਜ਼ਦ ਕੀਤਾ ਗਿਆ ਸੀ ! ਸਾਨੂੰ ਤੁਹਾਡੇ 'ਤੇ ਮਾਣ ਹੈ ਅਮਰ। ਨਿਊ ਸਾਊਥ ਵੇਲਜ਼ (e~, ) ਸਰਕਾਰ ਦੀ ਇਕ ਰਿਲੀਜ਼ 'ਚ ਕਿਹਾ ਗਿਆ ਕਿ ਸਿੰਘ, ਜਿਸ ਨੂੰ ਸਥਾਨਕ ਹੀਰੋ ਸ਼੍ਰੇਣੀ 'ਚ ਸਨਮਾਨਿਤ ਕੀਤਾ ਗਿਆ ਸੀ, ਨੇ ਆਪਣੀ ਪੱਗ ਅਤੇ ਦਾੜ੍ਹੀ ਕਾਰਨ ਨਸਲੀ ਬਿਆਨ ਅਤੇ ਅਪਮਾਨ ਦਾ ਸਾਹਮਣਾ ਕਰਨ ਤੋਂ ਬਾਅਦ 2015 'ਚ ਇੱਕ ਚੈਰਿਟੀ ਦੀ ਸਥਾਪਨਾ ਕੀਤੀ ਸੀ। ਬਹੁ-ਸਭਿਆਚਾਰਵਾਦ ਅਤੇ ਅੰਤਰ-ਸੰਵਾਦ ਦੇ ਇੱਕ ਮਜ਼ਬੂਤ ਵਕੀਲ ਸਿੰਘ ਨੇ ਕਿਹਾ, "ਇੱਕ ਸਾਥੀ ਨੇ ਮੈਨੂੰ ਕਿਹਾ ਸੀ ਕਿ ਮੈਂ ਇੱਕ ਖਾੜਕੂ ਦੀ ਤਰ੍ਹਾਂ ਦਿੱਸਦਾ ਹਾਂ। ਆਪਣੀ ਦੈਨਿਕ ਰੁਟੀਨ 'ਚ ਬਾਹਰ ਬਾਰੇ ਜਾਣ ਦੌਰਾਨ ਸੜਕ 'ਤੇ ਅਜਨਬੀਆਂ ਨੇ ਮੇਰੇ ਤੋਂ ਪੁੱਛਿਆ ਕੀ ਮੈਂ ਬੰਬ ਲਿਜਾ ਰਿਹਾ ਹਾਂ ਜਾਂ ਮੈਂ ਆਪਣੀ ਪੱਗ ਹੇਠਾਂ ਕੀ ਲੁਕੋ ਰਿਹਾ ਹਾਂ ? ਉਨ੍ਹਾਂ ਨੇ ਅੱਗੇ ਕਿਹਾ ਕਿ ਮੈਂ ਚਾਹੁੰਦਾ ਸੀ ਕਿ ਆਸਟ੍ਰੇਲੀਅਨ ਸਿੱਖਾਂ ਨੂੰ ਅਜਿਹੇ ਲੋਕਾਂ ਵਜੋਂ ਵੇਖਣ ਜਿਨ੍ਹਾਂ 'ਤੇ ਉਹ ਭਰੋਸਾ ਕਰ ਸਕਦੇ ਹਨ ਅਤੇ ਲੋੜ ਦੇ ਸਮੇਂ ਉਨ੍ਹਾਂ ਵਲ ਮੁੜ ਸਕਦੇ ਹਨ।"

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

## Hiring !

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

Email: dclogistics4@gmail.com

Phone : 204-396-1696 , 204-891-0031

## Hiring

Hair and face art salon islooking for hair-dresser (NOC CODE 6341) Applicants should have minimum of 1-2 years of experience.

Number of Vacancies :2

Wage rate: 20/hour fulltime job

Interested candidates please send your resume at email: hairandfaceart994@gmail.com

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

### ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com

## ਡਰਾਇਵਰਾਂ ਦੀ ਲੋੜ

Gagan Express LTD o/a VB Ace of Spades is now Hiring Class 1 long haul driver

Minimum 1 year experience required

Benefits and competitive pay rate plus safety bonus

Contact :

Kanwar Brar

Hiring@vbaspades.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

## Need Office Manager/Assistant

Hiring for a office manager/assistant who has prior proven experience in the field of law. Preference will be given to individuals who can speak and write Punjabi/ Hindi and English at a expert level. This position can be permanent full time. Interested candidates are encouraged to share resume and cover letter at :

**info@targetlaw.ca**

## ਫੈਡਰਲ ਮੰਤਰੀ ਕਮਲ ਖਹਿਰਾ ਨੇ ਕੈਲਗਰੀ ਦੇ ਬਜ਼ੁਰਗਾਂ ਲਈ ਅਲੈਕਸਾ ਸਿਸਟਮ ਦਾ ਐਲਾਨ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੀਨੀਅਰਜ਼ ਬਾਰੇ ਫੈਡਰਲ ਮੰਤਰੀ ਕਮਲ ਖਹਿਰਾ ਨੇ ਐਲਾਨ ਕੀਤਾ ਹੈ ਕਿ ਦੇਸ਼ ਭਰ ਵਿੱਚ ਬਜ਼ੁਰਗਾਂ ਲਈ ਨਿਊ ਹੋਰੀ ਜ਼ੋਨਜ਼ ਫਾਰ ਸੀਨੀਅਰਜ਼ ਪ੍ਰੋਗਰਾਮ ਤਹਿਤ 3000 ਪ੍ਰਾਜੈਕਟਾਂ ਉਪਰ 61 ਮਿਲੀਅਨ ਡਾਲਰ ਖਰਚ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਪ੍ਰਾਜੈਕਟਾਂ ਵਿੱਚੋਂ 61 ਪ੍ਰੋਜੈਕਟ ਸਿਰਫ਼ ਕੈਲਗਰੀ ਵਾਸਤੇ ਹਨ। ਕੈਲਗਰੀ ਦੇ ਦਸਮੇਸ਼ ਕਲਚਰ ਸੀਨੀਅਰ ਸੁਸਾਇਟੀ ਵਿਖੇ ਇਹ ਐਲਾਨ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਸੁਸਾਇਟੀ ਵਿੱਚ ਅਲੈਕਸਾ ਸਿਸਟਮ ਲਿਆਂਦਾ ਗਿਆ ਹੈ। ਇਹ ਪੰਜਾਬੀ ਪ੍ਰੋਗਰਾਮਾਂ ਤੇ ਆਧਾਰਤ ਹੈ ਜਿਸ ਰਾਹੀਂ ਇੱਥੇ ਆਉਣ ਵਾਲੇ ਬਜ਼ੁਰਗ ਆਪਣੀ ਭਾਸ਼ਾ ਵਿੱਚ ਹੀ ਮੱਦਦ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਤੇ ਇਸ ਸੰਸਥਾ ਦੇ ਵੱਡੀ ਗਿਣਤੀ ਵਿੱਚ ਮੈਂਬਰਾਂ ਤੋਂ ਇਲਾਵਾ ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਅਤੇ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਦੇ ਪ੍ਰਧਾਨ ਬਲਜਿੰਦਰ ਸਿੰਘ ਗਿੱਲ ਅਤੇ ਦਸਮੇਸ਼ ਕਲਚਰ ਸੀਨੀਅਰ ਸੁਸਾਇਟੀਦੇਪ੍ਰਧਾਨ ਵਰਿੰਦਰਜੀਤ ਸਿੰਘ ਭੱਟੀ ਵੀ ਮੌਜੂਦ ਸਨ ।

# ਕੈਨੇਡਾ ਦੀਆਂ ਵਚਿੱਤਰ ਔਰਤਾਂ ਦੇ ਅਦੁਤੀ ਕਾਰਨਾਮੇ



ਜਗਦੇਵ ਸਿੱਧੂ
403 351 1136

ਕੈਲਗਰੀ ਸ਼ਹਿਰ ਦੇ ਡਾਊਨ ਟਾਊਨ ਵਿਚ ਓਲੰਪਿਕ ਪਾਰਕ ਨਾਂ ਦੀ ਇੱਕ ਰਮਣੀਕ ਜਗਾਹ ਹੈ। ਇਸ ਥਾਂ ਤੇ ਕਾਂਸ਼ੀ ਦੀ ਧਾਤ ਦੇ ਬਣੇ ਹੋਏ ਪੰਜ ਔਰਤਾਂ ਦੇ ਆਦਮ-ਕੱਦ ਬੁੱਤ ਹਨ। ਸੈਲਾਨੀ ਇਨ੍ਹਾਂ ਕੋਲ ਖੜ੍ਹ ਕੇ ਫੋਟੋਆਂ ਖਿਚਵਾਉਂਦੇ ਹਨ। ਸ਼ਾਇਦ ਹੀ ਕੋਈ ਉੱਕਰੀ ਇਬਾਰਤ ਨੂੰ ਪੜ੍ਹਨ ਦਾ ਜਤਨ ਕਰਦਾ ਹੋਵੇਗਾ। ਜੇ ਪੜ੍ਹ ਲਈਏ ਤਾਂ ਇਸ ਬਾਰੇ ਹੋਰ ਜਾਨਣ ਦੀ ਜਗਿਆਸਾ ਜਾਗਣੀ ਕੁਦਰਤੀ ਹੈ। ਅਜਿਹੀ ਜਗਿਆਸਾ ਕਈ ਦਸਤਾਵੇਜ਼, ਕਿਤਾਬਾਂ, ਰਿਸਾਲੇ ਫਰੋਲਣ ਲਈ ਮਜਬੂਰ ਕਰ ਦਿੰਦੀ ਹੈ। ਜਤਨਾਂ ਮਗਰੋਂ ਇਕੱਤਰ ਹੋਈ ਸਮੱਗਰੀ ਦਿਲਚਸਪ ਕਥਾ ਦਾ ਰੂਪ ਲੈਂਦੀ ਹੈ ਜੋ ਔਰਤ ਦੇ ਮਾਨ-ਸਨਮਾਨ ਅਤੇ ਗੌਰਵ ਦੀ ਗਾਥਾ ਹੋ ਨਿੱਬੜਦੀ ਹੈ।

ਇਨ੍ਹਾਂ ਪੰਜ ਔਰਤਾਂ ਨੂੰ, ਜਿਨ੍ਹਾਂ ਦੇ ਇਹ ਬੁੱਤ ਹਨ, 'ਮਸ਼ਹੂਰ ਪੰਜ ਜਣੀਆਂ'\'ਦ ਫੇਮਸ ਫਾਈਵ' ( The Famous Five ) ਕਰ ਕੇ ਜਾਣਿਆਂ ਜਾਂਦਾ ਹੈ। ਇਨ੍ਹਾਂ ਵਿੱਚੋਂ ਇੱਕ ਹੈ ਹੈਨਰੀਟਾ ਮਿਊਰਜ਼ ਐਡਵਰਡਜ (Henrietta Muir Edwards—1849 - 1931 ) ਜੋ ਕੁਰਸੀ ਤੇ ਬੈਠੀ ਹੈ, ਖੱਬੇ ਹੱਥ ਵਿਚ ਪਲੇਟ ਹੈ, ਸੱਜੇ ਹੱਥ ਵਿਚ ਚਾਹ ਦੀ ਪਿਆਲੀ ਹੈ, ਤੇ ਹੱਥ ਉਪਰ ਨੂੰ ਉੱਠਿਆ ਹੋਇਆ। ਇਸ ਨੂੰ ਸਮਾਜ ਸੇਵਿਕਾ, ਲੇਖਿਕਾ ਅਤੇ ਕਾਨੂੰਨੀ ਮਾਹਿਰ ਦੱਸਿਆ ਗਿਆ ਹੈ। ਉਸ ਨੇ ਨਰਸਾਂ ਦੇ ਵਿਕਟੋਰੀਅਨ ਆਰਡਰ ਸਥਾਪਤ ਕਰਨ ਵਿਚ ਅਹਿਮ ਯੋਗਦਾਨ ਪਾਇਆ ਸੀ। ਦੂਜੀ ਔਰਤ ਲੂਈਜ਼ ਮੈਕਕਿੱਨੀ (Louise Mc Kinney – 1868 - 1931 )ਵੀ ਕੁਰਸੀ ਤੇ ਬੈਠੀ ਹੈ, ਉਸ ਦੇ ਦੋਵੇਂ ਜੁੜੇ ਹੋਏ ਹੱਥ ਧੌਣ ਕੋਲ ਕੋਈ ਇਸ਼ਾਰਾ ਕਰ ਰਹੇ ਜਾਪਦੇ ਹਨ, ਸਿਰ ਤੇ ਟੋਪ ਹੈ। ਉਸ ਨੂੰ 1917 ਵਿਚ ਅਲਬਰਟਾ ਦੀ ਪਹਿਲੀ ਮਹਿਲਾ ਐਮ. ਐਲ. ਏ. ਬਨਣ ਦਾ ਸੁਭਾਗ ਪ੍ਰਾਪਤ ਹੈ। ਇਸ ਤਰ੍ਹਾਂ ਉਹ ਸਮੁੱਚੇ ਬਰਤਾਨਵੀ ਸਾਮਰਾਜ ਅੰਦਰ ਅਜਿਹਾ ਮਾਣ ਹਾਸਲ ਕਰਨ ਵਾਲੀ ਪਹਿਲੀ ਔਰਤ ਸੀ। ਇੱਥੇ ਇੱਕ ਗੋਲ਼ ਮੇਜ਼ ਪਿਆ ਹੈ ਜਿਸ ਉਪਰ ਤਿੰਨ ਪਲੇਟਾਂ ਤੇ ਪਿਆਲੀਆਂ ਹਨ - ਦੋ ਸਿੱਧੀਆਂ, ਤੀਜੀ ਪਲੇਟ ਉਪਰ ਦੋ ਟੇਢੀਆਂ ਖਾਲੀ ਪਿਆਲੀਆਂ ਪਈਆਂ ਹਨ। ਐਮਿਲੀ ਮਰਫੀ (Emily Murphy – 1868 - 1933 ) ਸਿੱਧੀ ਖੜ੍ਹੀ ਹੈ, ਉਸ ਦਾ ਸੱਜਾ ਹੱਥ ਕੁਰਸੀ ਤੇ ਹੈ (ਜੋ ਸ਼ਾਇਦ ਮਰਦਾਂ ਦੇ ਬਰਾਬਰ ਸੱਤਾ ਹਥਿਆਉਣ ਦਾ ਚਿੰਨ੍ਹ ਹੈ), ਖੱਬਾ ਹੱਥ ਫੈਲਾ ਕੇ ਕੁਛ ਕਹਿ ਰਹੀ ਹੈ, ਸਿਰ ਨੰਗਾ ਹੈ ਜੋ ਸ਼ਾਇਦ ਨੰਗੇ ਧੜ ਲੜਨ ਦੀ ਨਿਸ਼ਾਨੀ ਹੈ। ਉਸ ਨੂੰ ਜੱਜ, ਸਮਾਜ ਸੁਧਾਰਕ ਅਤੇ ਲੇਖਿਕਾ ਦੱਸਿਆ ਗਿਆ ਹੈ। ਇਹ ਐਮਿਲੀ ਇੱਕ ਔਰਤ ਦੇ ਵਿਆਹੁਤਾ ਵਜੋਂ ਜਾਇਦਾਦ ਤੇ ਅਧਿਕਾਰ ਦਿਵਾਉਣ ਲਈ ਕਾਨੂੰਨੀ ਲੜਾਈ ਲੜੀ ਅਤੇ ਮਗਰੋਂ ਪੂਰੇ ਬਰਤਾਨਵੀ ਸਾਮਰਾਜ ਅੰਦਰ ਪਹਿਲੀ ਔਰਤ-ਜੱਜ ਬਣੀ ਸੀ। ਇਨ੍ਹਾਂ ਪੰਜਾਂ ਦੀ ਪਹਿਲੀ ਮੀਟਿੰਗ ਉਸੇ ਨੇ ਬੁਲਾਈ ਸੀ ਔਰਤਾਂ ਨੂੰ ਮਰਦਾਂ ਬਰਾਬਰ ਅਧਿਕਾਰ ਦਿਵਾਉਣ ਖਾਤਰ। ਆਈਰੀਨੀ ਪਾਰਲਬੀ ( Irene Parlby – 1868 - 1965 ) ਖੜ੍ਹੀ ਹੈ, ਸੱਜਾ ਹੱਥ ਫੈਲਾ ਕੇ ਆਪਣੇ ਸੱਜੇ ਪਾਸੇ ਵੇਖ ਰਹੀ ਹੈ, ਖੱਬਾ ਹੱਥ ਢਾਕ ਤੇ ਰੱਖਿਆ ਹੈ। ਜ਼ਾਹਿਰ ਹੈ ਕਿ ਰੋਹ ਵਿਚ ਸੰਘਰਸ਼ ਲਈ ਤਿਆਰ ਹੈ। ਉਹ ਅਲਬਰਟਾ ਸਰਕਾਰ ਵਿਚ ਯੂਨਾਈਟਿਡ ਫਾਰਮਰਜ਼ ਆਫ ਅਲਬਰਟਾ ਦੇ ਮੈਂਬਰ ਵਜੋਂ ਪਹਿਲੀ ਮਹਿਲਾ ਕੈਬਿਨਟ ਮੰਤਰੀ ਬਣੀ ਜੋ ਸਾਰੇ ਬਰਤਾਨਵੀ ਸਾਮਰਾਜ ਅੰਦਰ ਅਜਿਹੀ ਦੂਸਰੀ ਔਰਤ ਸੀ। ਉਸ ਨੇ ਚਲਦੇ-ਫਿਰਦੇ ਮੈਡੀਕਲ ਕਲੀਨਿਕ ਅਤੇ ਲਾਇਬ੍ਰੇਰੀਆਂ ਸਥਾਪਤ ਕਰਨ ਵਿਚ ਉੱਘਾ ਯੋਗਦਾਨ ਪਾਇਆ ਸੀ। ਪੰਜਵੀਂ ਨੈਲੀ ਮੈਕਕਲੰਗ ਹੈ (Nellie McKlung - 1873 - 1951 ), ਖੜ੍ਹੀ ਹੈ, ਸੱਜੇ ਪਾਸੇ ਵੇਖ ਰਹੀ ਹੈ, ਹੱਥਾਂ ਵਿਚ ਫੜੇ ਦਸਤਾਵੇਜ਼ ਨੂੰ ਉੱਚਾ ਕਰ ਕੇ ਦਿਖਾ ਰਹੀ ਹੈ, ਜਿਹੜਾ ਇਨ੍ਹਾਂ ਦੇ ਕਾਜ਼ ਨੂੰ ਸਪਸ਼ਟ ਕਰਦਾ ਹੈ - ਔਰਤਾਂ ਇਨਸਾਨ ਹਨ (Women are Persons )। ਇਹ ਅਖ਼ਬਾਰ ਦੀ ਸੁਰਖੀ ਉਨ੍ਹਾਂ ਦੀ ਜਿੱਤ ਦੀ ਪ੍ਰਤੀਕ ਹੈ, ਉਹ ਜੇਤੂ ਮੁਦਰਾ ਵਿਚ ਦਿਸ ਰਹੀ ਹੈ। ਨੈਲੀ ਇੱਕ ਪੱਤਰਕਾਰ ਸੀ ਜਿਸ ਦੇ ਜਤਨਾਂ ਨਾਲ 1916 ਵਿਚ ਮੈਨੀਟੋਬਾ ਔਰਤਾਂ ਨੂੰ ਵੋਟ ਦਾ ਹੱਕ ਦੇਣ ਵਾਲਾ ਪਹਿਲਾ ਸੂਬਾ ਬਣਿਆ। ਉਹ ਆਪ ਅਲਬਰਟਾ ਦੀ ਐਮ. ਐਲ. ਏ. ਵੀ ਬਣੀ। ਇਨ੍ਹਾਂ ਬੁੱਤਾਂ ਤੋਂ ਇਲਾਵਾ ਕੁਛ ਸ਼ਿਲਾਲੇਖ ਵੀ ਹਨ ਜੋ ਪੜ੍ਹਨਯੋਗ ਹਨ। ਇਨ੍ਹਾਂ ਮਸ਼ਹੂਰ ਪੰਜਾਂ ਨੇ ਕੀ ਕੀਤਾ, ਇਹ ਕੈਨੇਡਾ ਦੀ ਉਸਾਰੀ ਵਿਚ ਅਤੀ ਮਹੱਤਵਪੂਰਨ ਮੀਲ ਪੱਥਰ ਹੈ ਅਤੇ ਇਹ ਬੁੱਤ ਕਿਵੇਂ ਲੱਗੇ, ਇਹ ਹੋਰ ਵੀ ਦਿਲਚਸਪ ਤੇ ਰਤਾ ਕੁ ਹੈਰਾਨਕੁਨ ਬ੍ਰਿਤਾਂਤ ਹੈ।

1916 ਵਿਚ ਐਮਿਲੀ ਮਰਫੀ ਕੈਨੇਡਾ ਦੀ ਹੀ ਨਹੀਂ ਸਗੋਂ ਸਾਰੇ ਬਰਤਾਨਵੀ ਸਾਮਰਾਜ ਦੀ ਪਹਿਲੀ ਔਰਤ ਜੱਜ ਬਣੀ। ਇਹ ਤਾਕਤ ਦੇ ਅਲੰਬਰਦਾਰ ਮਰਦਾਂ ਲਈ ਨਾ-ਕਾਬਿਲੇ ਬਰਦਾਸ਼ਤ ਸੀ। ਉਨ੍ਹਾਂ ਨੇ ਇਸ ਨਿਯੁਕਤੀ ਖਿਲਾਫ ਮੋਰਚਾ ਖੋਲ੍ਹ ਦਿੱਤਾ। ਅਸਲ ਵਿਚ 1867 ਵਿਚ ਬਣੇ ਬੀ. ਐਨ. ਏ. ਐਕਟ ( British North America Act ) ਅਨੁਸਾਰ ਕੇਨੇਡਾ ਨੂੰ ਡੁਮੀਨੀਅਨ ਮੁਲਕ ਵਜੋਂ ਮਾਨਤਾ ਮਿਲੀ ਸੀ। ਇਸ ਐਕਟ ਦੀ ਧਾਰਾ 24 ਵਿਚ ਪਰਸਨ ( Person ) ਸ਼ਬਦ ਨੂੰ ਆਮ ਤੌਰ ਤੇ ਮਰਦਾਂ ਲਈ ਵਰਤਿਆ ਸਮਝਿਆ ਗਿਆ ਸੀ। ਐਮਿਲੀ ਮਰਫੀ ਨੇ ਸੈਨੇਟਰ ਬਨਣ ਦਾ ਦਾਅਵਾ ਠੋਕਿਆ ਜਿਸ ਨੂੰ ਇਸ ਬਿਨਾ ਤੇ ਨਾ-ਮਨਜ਼ੂਰ ਕਰ ਦਿੱਤਾ ਗਿਆ ਕਿ ਐਕਟ ਮੁਤਾਬਕ ਪਰਸਨ ਦਾ ਮਤਲਬ ਔਰਤ ਨਹੀਂ, ਸੋ ਉਹ ਸੈਨੇਟਰ ਬਨਣ ਦੇ ਯੋਗ ਨਹੀਂ। ਉਸ ਦੇ ਸਾਰੇ ਜਤਨਾਂ ਦੇ ਬਾਵਜੂਦ ਲਗਾਤਾਰ ਤਿੰਨ ਪ੍ਰਧਾਨ ਮੰਤਰੀਆਂ ਨੇ ਉਸ ਨੂੰ ਇਸੇ ਨੁਕਤੇ ਦੀ ਆੜ ਲੈ ਕੇ ਸੈਨੇਟਰ ਬਨਣ ਤੋਂ ਵਿਰਵਾ ਰੱਖਿਆ। ਮਰਫੀ ਨੇ ਸੋਚਿਆ ਕਿ ਇਹ ਲੜਾਈ ਉਸ ਦੀ ਇਕੱਲੀ ਦੀ ਨਹੀਂ, ਸਗੋਂ ਮਸਲਾ ਬਹੁਤ ਵੱਡਾ ਹੈ, ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਦਾ ਹੈ, ਔਰਤਾਂ ਨੂੰ ਵੀ ਮਰਦਾਂ ਵਾਂਗ ਇਨਸਾਨ ਜਾਣੀ ਪਰਸਨ ਸਮਝਣ ਦਾ ਹੈ। ਉਸ ਨੇ ਅਗਸਤ, 1927 ਵਿਚ ਆਪਣੇ ਐਡਮੰਟਨ ਵਿਚਲੇ ਘਰ ਵਿਚ ਉਪਰਲੀਆਂ ਚਾਰ ਔਰਤਾਂ ਨੂੰ ਮਸਲੇ ਤੇ ਵਿਚਾਰ ਕਰਨ ਅਤੇ ਉਪਰਾਲਾ ਕਰਨ ਲਈ ਬੁਲਾਇਆ। ਇਹ ਔਰਤਾਂ ਆਪਣੇ ਤੌਰ ਤੇ ਕਈ ਖੇਤਰਾਂ ਵਿਚ ਉੱਘੀਆਂ ਤੇ ਮਾਹਿਰ ਮੰਨੀਆਂ ਜਾਂਦੀਆਂ ਸਨ। ਇਨ੍ਹਾਂ ਨੇ ਮਿਲ ਕੇ ਕੇਸ ਤਿਆਰ ਕੀਤਾ ਤੇ ਸਾਰੇ ਪਾਸਿਓਂ ਨਿਰਾਸ਼ ਹੋ ਕੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ -'ਕੀ ਬੀ. ਐਨ. ਏ. ਐਕਟ 1867 ਦੇ ਸੈਕਸ਼ਨ 24 ਵਿਚ ਦਰਜ ਸ਼ਬਦ - ਪਰਸਨ- ਔਰਤ ਨੂੰ ਵੀ ਸ਼ਾਮਲ ਕਰਦਾ ਹੈ ? ' 24 ਅਪ੍ਰੈਲ, 1928 ਨੂੰ ਕੈਨੇਡਾ ਦੀ ਸੁਪਰੀਮ ਕੋਰਟ ਨੇ ਸਰਬਸੰਮਤ ਫੈਸਲਾ ਸੁਣਾਇਆ ਕਿ ਐਕਟ ਦੀ ਇਸ ਧਾਰਾ ਅੰਦਰ ਸ਼ਬਦ -ਪਰਸਨ- ਮੁਤਾਬਕ ਔਰਤਾਂ ਪਰਸਨ ਨਹੀਂ ਹਨ , ਔਰਤਾਂ ਵੀ ਮੁਜਰਮਾਂ, ਬੇਵਕੂਫਾਂ ਅਤੇ ਬੱਚਿਆਂ ਵਾਂਗ ਸਟੇਟ ਦੀ ਨਿਯੁਕਤੀ ਦੇ ਕਾਬਲ ਨਹੀਂ ਹਨ।

ਇਸ ਫੈਸਲੇ ਨੇ ਪੰਜ ਜਣੀਆਂ ਨੂੰ ਬਹੁਤ ਨਿਰਾਸ਼ ਕੀਤਾ ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ। ਆਪਣੀਆਂ ਸਿਰ-ਤੋੜ ਤੇ ਅਣਥੱਕ ਕੋਸ਼ਿਸ਼ਾਂ ਨਾਲ ਫੈਡਰਲ ਸਰਕਾਰ ਨੂੰ ਇਸ ਲਈ ਮਨਾ ਲਿਆ ਕਿ ਉਹ ਇਸ ਅਨਿਆਂਪੂਰਨ ਫੈਸਲੇ ਦੇ ਖਿਲਾਫ਼ ਬਰਤਾਨੀਆਂ ਵਿਚ ਪ੍ਰੀਵੀ ਕੌਂਸਲ ਦੀ ਜੁਡੀਸ਼ੀਅਲ ਕਮੇਟੀ ਕੋਲ ਅਪੀਲ ਕਰੇ। ਉਸ ਵੇਲੇ ਇਹ ਕੈਨੇਡਾ ਸਣੇ ਸਾਰੇ ਬਰਤਾਨਵੀ ਸਾਮਰਾਜ ਦੀ ਸਿਖਰਲੀ ਤੇ ਸਰਬਉੱਚ ਅਦਾਲਤ ਸੀ। 18 ਅਕਤੂਬਰ, 1929 ਨੂੰ ਇਸ ਕਮੇਟੀ ਨੇ ਜੋ ਫੈਸਲਾ ਸੁਣਾਇਆ ਉਹ ਸ਼ਾਇਦ ਕਿਸੇ ਵੀ ਅਦਾਲਤ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਤਰਕਸੰਗਤ ਇਤਿਹਾਸਕ ਫੈਸਲਾ ਸੀ। ਉਸ ਅਦਾਲਤ ਨੇ ਫੈਸਲੇ ਵਿਚ ਲਿਖਿਆ, 'ਜਿਹੜੇ ਪੁਛਦੇ ਹਨ ਕਿ ਸ਼ਬਦ (ਪਰਸਨ) ਔਰਤਾਂ ਨੂੰ ਕਿਉਂ ਸ਼ਾਮਲ ਕਰੇ, ਉਨ੍ਹਾਂ ਲਈ ਜ਼ਾਹਰਾ ਤੌਰ ਤੇ ਜਵਾਬ ਹੈ - ਇਹ ਕਿਉਂ ਨਾ ਕਰੇ ? ਫੈਸਲੇ ਮੁਤਾਬਕ ਬੀ. ਐਨ. ਏ. ਐਕਟ ਦੇ ਸੈਕਸ਼ਨ 24 ਅੰਦਰ ਦਰਜ ਸ਼ਬਦ- ਪਰਸਨ- ਔਰਤਾਂ ਤੇ ਮਰਦ ਦੋਵਾਂ ਲਈ ਹੈ। ਸਰਬਉੱਚ ਅਦਾਲਤ ਦਾ ਇਹ ਫੈਸਲਾ ਮਰਦਾਂ ਦੀ ਜ਼ਿਦ ਅਤੇ ਹੈਂਕੜ ਤੇ ਕਰਾਰੀ ਚਪੇੜ ਸੀ। ਇਹ ਫੈਸਲਾ ਕੈਨੇਡਾ ਦੇ ਸੰਵਿਧਾਨਕ ਕਾਨੂੰਨ ਅੰਦਰ ਮੀਲ ਪੱਥਰ ਸਾਬਤ ਹੋਇਆ। ਇਸ ਦਿਨ ਤੋਂ ਔਰਤਾਂ ਰਾਜਨੀਤੀ ਦੇ ਖੇਤਰ ਵਿਚ ਵੀ ਮਰਦਾਂ ਦੇ ਬਰਾਬਰ ਮੜ੍ਹਿੱਕਣ ਜੋਗੀਆਂ ਹੋ ਗਈਆਂ। ਇਨ੍ਹਾਂ ਪੰਜ ਬਹਾਦਰ, ਨਿਧੜਕ, ਸਿਰੜੀ ਤੇ ਪਰਵੀਨ ਔਰਤਾਂ ਨੇ ਸੱਚਮੁੱਚ ਹੀ ਬਿਨਾ ਕਿਸੇ ਦੇ ਸੱਟ-ਫੇਟ ਮਾਰਿਆਂ, ਬਿਨਾ ਕਿਸੇ ਨੂੰ ਕਤਲ ਕੀਤਿਆਂ, ਸਹੀ ਅਰਥਾਂ ਵਿਚ ਅਮਨ-ਸ਼ਾਂਤੀ ਦੇ ਤਰੀਕੇ ਨਾਲ ਰਾਜਸੀ ਤਾਕਤ ਵਿਚ ਸਾਂਝ ਪਾ ਕੇ ਔਰਤਾਂ ਨੂੰ ਸੱਤਾ ਵਿਚ ਬਰਾਬਰ ਦੇ ਭਈਵਾਲ ਬਣਾ ਦਿੱਤਾ। ਇਹ ਉਨ੍ਹਾਂ ਦਾ ਕੈਨੇਡੀਅਨ ਫੈਡਰੇਸ਼ਨ ਲਈ ਸ਼ਾਨਦਾਰ ਤੇ ਸਦੀਵੀ ਯੋਗਦਾਨ ਵੀ ਸੀ ਅਤੇ ਉਨ੍ਹਾਂ ਪੰਜ ਜਣੀਆਂ ਲਈ ਸ਼ਾਨਦਾਰ ਜਿੱਤ ਵੀ ਸੀ। ਐਵੇਂ ਤਾਂ ਨਹੀਂ ਬਣੀਆਂ ਦ ਫੇਮਸ ਫਾਈਵ।

ਯਾਦਗਾਰ -- ਇਹ ਫੁਰਨਾ ਵੀ ਔਰਤਾਂ ਨੂੰ ਫੁਰਿਆ ਕਿ ਇਨ੍ਹਾਂ ਪੰਜ ਜਣੀਆਂ ਦੀ ਕੋਈ ਯਾਦਗਾਰ ਬਨਣੀ ਚਾਹੀਦੀ ਹੈ। ਫਰਾਂਸਿਸ ਰਾਈਟ ਨੇ 1996 ਵਿਚ ਇਸ ਮਕਸਦ ਦੀ ਪੂਰਤੀ ਲਈ 'ਫੇਮਸ 5 ਫਾਊਂਡੇਸ਼ਨ' ਨਾਂ ਦੀ ਸੰਸਥਾ ਸਥਾਪਤ ਕੀਤੀ। ਇਸ ਦਾ ਮੰਤਵ ਦੇਸ਼ ਦੇ ਨਿਰਮਾਣ ਵਿਚ ਉੱਘਾ ਯੋਗਦਾਨ ਪਾਉਣ ਵਾਲੀਆਂ ਔਰਤਾਂ ਨੂੰ ਮਾਨ ਸਨਮਾਨ ਸਮੇਤ ਉਚਿਤ ਥਾਂ ਦਿਵਾਉਣਾ ਹੈ। ਫਰਾਂਸਿਸ ਰਾਈਟ ਕੈਲਗਰੀ ਵਾਸੀ ਹੈ। ਉਸ ਨੂੰ ਗਵਰਨਰ ਜਨਰਲ ਅਵਾਰਡ, ਰੋਟਰੀ ਇਨਾਮ ਅਤੇ ਅਲਬਰਟਾ ਆਰਡਰ ਆਫ ਐਕਸੀਲੈਂਸ ਜਿਹੇ ਸਨਮਾਨ ਮਿਲ ਚੁੱਕੇ ਹਨ। ਉਸ ਦਾ ਅਗਲਾ ਟੀਚਾ 2024 ਵਿਚ ਪਰਸਨਜ਼ ਕੇਸ ਦੀ 95ਵੀਂ ਵਰ੍ਹੇਗੰਢ ਮਨਾਉਣਾ ਹੈ। 1947 ਵਿਚ ਦੱਖਣੀ ਅਫ਼ਰੀਕਾ ਵਿਚ ਜੰਮੀ ਫਰਾਂਸਿਸ ਛੇ ਸਾਲ ਦੀ ਉਮਰ ਵਿਚ ਮਾਪਿਆਂ ਨਾਲ ਕੈਲਗਰੀ ਆ ਗਈ ਸੀ। ਉਸ ਨੇ ਕੈਨੇਡਾ ਦੀ ਸਿਟੀਜ਼ਨਸ਼ਿਪ ਲੈਣ ਵੇਲੇ ਵਫ਼ਾਦਾਰੀ ਦੀ ਸਹੁੰ ਚੁੱਕਣ ਤੋਂ ਪਹਿਲਾਂ ਜੱਜ ਨੂੰ ਕਿਹਾ ਸੀ, 'ਠੀਕ ਹੈ ਮੈਂ ਮਲਿਕਾ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਾਂਗੀ, ਪਰ ਮੈਂ ਇਹ ਸਮਝਾ ਦੇਣਾ ਚਾਹੁੰਦੀ ਹਾਂ ਕਿ ਮੇਰੀ ਸਹੁੰ ਅਸਲ ਵਿਚ ਕੈਨੇਡਾ ਪ੍ਰਤੀ ਹੋਵੇਗੀ।' ਫਰਾਂਸਿਸ ਨੇ ਵਜ਼ੀਫ਼ੇ ਲੈ ਕੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਬੀ. ਏ. ਕੀਤੀ, ਫਿਰ ਕਾਰਲਟਨ ਯੂਨੀਵਰਸਿਟੀ ਤੋਂ ਪੱਤਰਕਾਰੀ ਦਾ ਇੱਕ ਸਾਲਾ ਡਿਪਲੋਮਾ ਕੀਤਾ। ਕੈਲਗਰੀ ਵਿਖੇ 1995 ਵਿਚ ਉਸ ਦਾ ਮੇਲ ਨੈਂਸੀ ਮਿੱਲਰ ਨਾਲ ਹੋਇਆ ਜੋ ਕੈਨੇਡਾ ਦੀਆਂ ਮਹਾਨ ਔਰਤਾਂ ਦੇ ਕਬਰਾਂ ਵਾਲੇ ਪੱਥਰਾਂ ਤੇ ਲਿਖੀ ਇਬਾਰਤ ( Epitaph ) ਇਕੱਠੀ ਕਰ ਰਹੀ ਸੀ। ਹੈਰਾਨੀ ਦੀ ਗੱਲ ਕਿ ਕਿਸੇ ਵੀ ਮਹਾਨ ਔਰਤ ਦੇ ਯੋਗਦਾਨ ਬਾਰੇ ਕੁਛ ਨਹੀਂ ਸੀ ਉੱਕਰਿਆ ਹੋਇਆ। ਇੱਥੋਂ ਤੱਕ ਕਿ ਫੇਮਸ ਫਾਈਵ ਦੀਆਂ ਕਬਰਾਂ ਤੇ ਵੀ ਉਨ੍ਹਾਂ ਦੀ ਮਹਾਨ ਪ੍ਰਾਪਤੀ ਦਾ ਜ਼ਿਕਰ ਨਹੀਂ ਸੀ।

ਫਰਾਂਸਿਸ, ਨੈਂਸੀ ਅਤੇ ਮਾਰੀਆ ਐਰਿਕਸਨ ਨੇ18 ਅਕਤੂਬਰ, 1999 ਨੂੰ ਫੇਮਸ ਫਾਈਵ \ ਪਰਸਨਜ਼ ਕੇਸ ਦੀ 70ਵੀਂ ਵਰ੍ਹੇਗੰਢ ਮਨਾਉਣ ਦਾ ਤਹੱਈਆ ਕੀਤਾ। ਮਾਰੀਆ ਫੇਮਸ ਫਾਈਵ ਫਾਊਂਡੇਸ਼ਨ ਦੀ ਪ੍ਰਧਾਨ ਅਤੇ ਫਰਾਂਸਿਸ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਬਣੀ। ਉਸ ਸਮੇਂ ਸਾਰੇ ਕੈਨੇਡਾ ਵਿਚ ਸਿਰਫ਼ ਤਿੰਨ ਔਰਤਾਂ ਦੇ ਬੁੱਤ ਸਨ - ਮਲਿਕਾ ਵਿਕਟੋਰੀਆ, ਮਲਿਕਾ ਐਲਿਜ਼ਬਥ ਦੂਜੀ ਅਤੇ ਯਿਸੂ ਦੀ ਮਾਂ ਮੇਰੀ। ਉਨ੍ਹਾਂ ਨੇ ਨਿਸ਼ਚਾ ਕੀਤਾ ਕਿ ਮਸ਼ਹੂਰ ਪੰਜਾਂ ਦੇ ਯਾਦਗਾਰੀ ਬੁੱਤ ਪਾਰਲੀਮੈਂਟ ਹਿੱਲ ਔਟਵਾ ਅਤੇ ਕੈਲਗਰੀ ਵਿਖੇ ਲਾਏ ਜਾਣ। ਅੰਦਾਜ਼ਨ ਖਰਚਾ ਇੱਕ ਮਿਲੀਅਨ, ਜਾਣੀ ਦਸ ਲੱਖ ਡਾਲਰ ਸੀ। ਉਨ੍ਹਾਂ ਨੇ ਬੜੀ ਨੇਕ ਸਲਾਹ ਕੀਤੀ ਕਿ ਕਿਉਂ ਨਾ ਇਹ ਰਕਮ ਸਿਰਫ਼ ਔਰਤਾਂ ਤੋਂ ਉਗਰਾਹੀ ਜਾਵੇ ਤੇ ਉਹ ਵੀ ਕੁੱਲ ਪੰਜ ਔਰਤਾਂ ਤੋਂ ਹੀ। ਸੋ ਮਿਥ ਲਿਆ ਕਿ ਪੰਜ ਔਰਤਾਂ ਤੋਂ ਬਰਾਬਰ ਦੀ ਰਕਮ ਦੋ-ਦੋ ਲੱਖ ਡਾਲਰ ਲਈ ਜਾਵੇ। ਪਹਿਲੀ ਦਾਨੀ ਔਰਤ ਮਿਲੀ ਐਨ ਮੈਕਕੇਗ, ਜਿਸ ਨੇ ਯੂਨੀਵਰਸਿਟੀ ਆਫ ਕੈਲਗਰੀ ਲਈ ਟੀਚੇ ਤੋਂ ਵੱਧ ਫੰਡ ਇਕੱਠਾ ਕੀਤਾ ਸੀ। ਉਹ ਆਪਣੀਆਂ ਦੋ ਧੀਆਂ - ਰੋਕਸੇਨ ਅਤੇ ਜੇਨ ਦੇ ਨਾਂ ਤੇ ਤਿੰਨ ਸਾਲਾਂ ਅੰਦਰ ਦੋ ਲੱਖ ਡਾਲਰ ਦੇਣ ਨੂੰ ਤਿਆਰ ਹੋ ਗਈ। ਦੂਜੀ ਦਾਨੀ ਔਰਤ ਸੀ ਲੇਨਾ ਆਨ ਹੈਨਨ ਜਿਸ ਦੀਆਂ ਇਸਤਰੀਆਂ ਦੇ ਕੱਪੜਿਆਂ ਦੀਆਂ ਬੈਟੀ ਸ਼ਾਪ ਸਨ। ਤੀਜੀ ਦਾਨੀ ਔਰਤ ਮਿਲੀ ਟੋਰਾਂਟੋ ਦੀ ਕੀਕੀ ਡਿਲਾਨੀ ਜੋ ਔਰਤਾਂ ਦੇ ਹੱਕਾਂ ਦੀ ਤਕੜੀ ਪੇਸ਼ੇਵਰ ਅਲੰਬਰਦਾਰ ਸੀ। ਚੌਥੀ ਦਾਨ-ਕਰਤਾ ਸੀ ਸੈਨੇਟਰ ਵਿਲੀਅਨ ਪੋਅ, ਜਿਸ ਦਾ ਫ਼ੈਸ਼ਨ ਡਿਜ਼ਾਈਨ, ਉਤਪਾਦਨ, ਥੋਕ ਵਗੈਰਾ ਦਾ ਚੰਗਾ ਕਾਰੋਬਾਰ ਸੀ। ਉਹ ਏਸ਼ੀਆ ਮੂਲ ਦੀ ਸੀ ਤੇ ਪੀ. ਐਚ ਡੀ ਕਰ ਰਹੀ ਸੀ। ਪੰਜਵੀਂ ਦਾਨੀ ਔਰਤ ਟੋਰਾਂਟੋ ਦੀ ਹੀਦਰ ਰੀਜ਼ਮੈਨ ਸੀ ਜਿਸ ਨੇ ਅਜੇ ਹੁਣੇ ਇੰਡੀਗੋ ਬੁੱਕਸ ਦਾ ਕਾਰੋਬਾਰ ਸ਼ੁਰੂ ਕੀਤਾ ਸੀ।

ਜਦੋਂ ਧਨ ਦਾ ਪ੍ਰਬੰਧ ਹੋ ਗਿਆ ਤਾਂ ਯਾਦਗਾਰਾਂ ਸਥਾਪਤ ਕਰਨ ਲਈ ਢੁਕਵੀਂ ਜਗਾਹ ਲੈਣ ਦੀ ਮੁਹਿੰਮ ਸ਼ੁਰੂ ਹੋਈ। ਓਲੰਪਿਕ ਪਲਾਜ਼ਾ ਵਾਲੀ ਥਾਂ ਲੈਣ ਵਾਸਤੇ ਕੈਲਗਰੀ ਸਿਟੀ ਤੱਕ ਪਹੁੰਚ ਕੀਤੀ ਗਈ। ਪਾਰਲੀਮੈਂਟ ਹਿੱਲ ਵਾਸਤੇ 30 ਔਰਤਾਂ ਦਾ ਫੇਮਸ ਫਾਈਵ ਔਟਵਾ ਚੈਪਟਰ ਬਣਾਇਆ ਜਿਸ ਦੀ ਅਗਵਾਈ ਇਜ਼ਾਬੈਲ ਮੈਟਕਾਫ ਅਤੇ ਜੈਨਿਸ ਲੀਬ ਨੇ ਕੀਤੀ। ਲਿਬਰਲ ਪਾਰਟੀ ਦੀ ਅਤੇ ਪਹਿਲੀ ਅਫਰੀਕਨ-ਕੈਨੇਡੀਅਨ ਔਰਤ ਐਮ.ਪੀ., ਜੀਨ ਆਗਸਟਿਨ ਯਾਦਗਾਰ ਵਾਸਤੇ ਜਗਾਹ ਲੈਣ ਦਾ ਸੰਸਦ ਅੰਦਰ ਸਪੈਸ਼ਲ ਮਤਾ ਪੇਸ਼ ਕਰਨ ਲਈ ਮੰਨ ਗਈ। ਡੈਬਰਾ ਗਰੇਅ, ਜੋ ਰੀਫਾਰਮ ਪਾਰਟੀ ਦੀ ਪਹਿਲੀ ਐਮ. ਪੀ. ਸੀ, ਉਸ ਨੇ ਵੀ ਹਾਂ ਕਰ ਦਿੱਤੀ। ਫਰਾਂਸਿਸ ਨੇ ਰਾਜਸੀ ਨੇਤਾਵਾਂ ਤੇ ਸੰਸਦ ਮੈਂਬਰਾਂ ਨੂੰ ਤਰਕਸੰਗਤ ਤਰੀਕੇ ਨਾਲ ਸਮਝਾਇਆ ਕਿ ਫੇਮਸ ਫਾਈਵ ਫੈਡਰੇਸ਼ਨ ਦੀਆਂ ਮਾਵਾਂ ਸਨ, ਜਿਨ੍ਹਾਂ ਨੇ ਕੈਨੇਡਾ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਜੀਨ ਆਗਸਟਨ ਨੇ ਮਤਾ ਪੇਸ਼ ਕੀਤਾ ਜੋ ਹਾਊਸ ਵਿਚ ਪਾਸ ਹੋ ਗਿਆ। ਆਖਰੀ ਪੜਾਅ ਸਮੇਂ 18 ਦਸੰਬਰ, 1997 ਨੂੰ ਸੈਨੇਟ ਅੰਦਰ ਵੀ ਮਤਾ ਪਾਸ ਹੋ ਗਿਆ। ਇਹ ਹੈਨਰੀਟਾ ਐਡਵਰਡਜ ਦਾ 148ਵਾਂ ਜਨਮ ਦਿਨ ਸੀ।

ਅਗਲਾ ਮਹੱਤਵਪੂਰਨ ਪੜਾਅ ਸੀ ਯਾਦਗਾਰ ਦਾ ਡਿਜ਼ਾਈਨ ਤਿਆਰ ਕਰਨਾ, ਯਾਦਗਾਰੀ ਬੁੱਤ ਬਨਾਉਣੇ ਤੇ ਸਥਾਪਤ ਕਰਨੇ। ਐਡਮੰਟਨ ਦੇ ਬੁੱਤਤਰਾਸ਼ ਬਾਰਬਰਾ ਪੈਟਰਸਨ ਦਾ ਡਿਜ਼ਾਈਨ ਮਨਜ਼ੂਰ ਹੋਇਆ ਜਿਸ ਵਿਚ ਪੰਜੇ ਜਣੀਆਂ ਆਪਣੀ ਜਿੱਤ ਦਾ ਜਸ਼ਨ ਮਨਾ ਰਹੀਆਂ ਹਨ, ਨੈਲੀ ਮੈਕਕਲੰਗ ਨੇ ਉਹ ਜਰਨਲ ਫੜਿਆ ਹੋਇਆ ਹੈ ਜਿਸ ਉਪਰ ਪਰਸਨ ਕੇਸ ਦੇ ਫੈਸਲੇ ਬਾਰੇ ਕੈਨੇਡਾ ਦੇ ਅਖ਼ਬਾਰਾਂ ਵਿਚ ਛਪੀਆਂ ਸੁਰਖੀਆਂ ਹਨ। ਖਾਲੀ ਕੁਰਸੀ ਸੈਲਾਨੀਆਂ ਦੇ ਇਨ੍ਹਾਂ ਔਰਤਾਂ ਕੋਲ ਬੈਠਣ ਦੀ ਸਹੂਲਤ ਲਈ ਹੈ। 18 ਅਕਤੂਬਰ, 1999, ਪਰਸਨ ਕੇਸ ਦੀ 70ਵੀਂ ਵਰ੍ਹੇਗੰਢ ਮੌਕੇ, ਕੈਲਗਰੀ ਦੇ ਓਲੰਪਿਕ ਪਲਾਜ਼ਾ ਵਿਖੇ ਤਾਪਮਾਨ ਸੀ 11ਡਿਗਰੀ ਸੈਲਸੀਅਸ, ਜਦੋਂ ਇਸ ਥਾਂ ਤੇ 4000 ਲੋਕ ਮੋਢੇ ਨਾਲ ਮੋਢਾ ਖਹਿੰਦਾ ਕਰ ਕੇ ਖੜ੍ਹੇ ਸਨ, ਓਦੋਂ ਇੱਕ ਕਰੇਨ ਨੇ ਕੱਪੜੇ ਦਾ ਵੱਡਾ ਸਾਰਾ ਭਾਰੀ ਪਰਦਾ ਉਪਰ ਚੁੱਕਿਆ ਤਾਂ ਨੰਗਾ ਹੋਇਆ ਯਾਦਗਾਰੀ ਮਾਨੂਮੈਂਟ ਜੋ ਪੰਜ ਜਣੀਆਂ ਨੂੰ ਸਨਮਾਨਤ ਕਰ ਰਿਹਾ ਸੀ। ਸੀ.ਬੀ.ਸੀ ਨੇ ਇਸ ਸਮਾਰੋਹ ਦੀ ਕਾਰਵਾਈ ਨੂੰ ਨਾਲੋ-ਨਾਲ ( Live ) ਪ੍ਰਸਾਰਤ ਕੀਤਾ। ਇਸ ਨੈੱਟਵਰਕ ਦੀ ਐਂਕਰ ਕੈਥਲੀਨ ਪੈੱਟੀ ਜਦੋਂ ਇਨ੍ਹਾਂ ਪੰਜ ਮਹਾਨ ਔਰਤਾਂ ਬਾਰੇ ਕੈਨੇਡਾ ਦੇ ਲੋਕਾਂ ਨੂੰ ਦੱਸ ਰਹੀ ਸੀ, ਓਦੋਂ ਫਰਾਂਸਿਸ ਰਾਈਟ ਉਸ ਦੇ ਨਾਲ ਖੜ੍ਹੀ ਸੀ।

ਅਗਲੇ ਵਰ੍ਹੇ 18 ਅਕਤੂਬਰ, 2000 ਨੂੰ ਕੈਨੇਡੀਅਨ ਵਿਰਾਸਤ ਮਹਿਕਮੇ ਦੀ ਵਜ਼ੀਰ ਸ਼ੀਲਾ ਕੌਂਪਸ ਦੀ ਮਦਦ ਨਾਲ ਫਰਾਂਸਿਸ ਨੇ ਪਾਰਲੀਮੈਂਟ ਹਿੱਲ, ਔਟਵਾ ਵਿਖੇ ਜੌਹਨ ਏ ਮੈਕਡਾਨਲਡ, ਵਿਲੀਅਮ ਲੀਓਨ ਮਕੈਂਜ਼ੀ ਅਤੇ ਮਲਿਕਾ ਐਲਿਜ਼ਬਥ-ਦੂਜੀ ਦੇ ਬੁੱਤਾਂ ਕੋਲ ਇਸੇ ਤਰ੍ਹਾਂ ਦੀ ਯਾਦਗਾਰ (Manument) ਲੋਕ ਨਿਰਮਾਣ ਵਿਭਾਗ (Public Works Department) ਦੇ ਮੰਤਰੀ ਅਲਫਾਂਸੋ ਗੈਗਲੀਆਨੋ ਦੇ ਸਪੁਰਦ ਕੀਤੀ ਜਿਸ ਨੇ ਇਸ ਨੂੰ ਕੈਨੇਡਾ ਸਰਕਾਰ ਦੀ ਤਰਫੋਂ ਪ੍ਰਾਪਤ ਕੀਤਾ। ਗਵਰਨਰ ਜਨਰਲ ਏਡਰੀਅਨ ਕਲਾਰਕਸਨ ਅਤੇ ਪ੍ਰਧਾਨ ਮੰਤਰੀ ਯੌਂ ਕ੍ਰੇਟੀਅਨ ਨੇ ਰਿਬਨ ਕੱਟ ਕੇ ਉਦਘਾਟਨ ਕੀਤਾ। ਹਜ਼ਾਰਾਂ ਲੋਕਾਂ ਨੇ ਤਾੜੀਆਂ ਮਾਰ ਕੇ ਜਸ਼ਨ ਮਨਾਇਆ ਤੇ ਤਕਰੀਰਾਂ ਨੂੰ ਸੁਣਿਆ।

18 ਅਕਤੂਬਰ, 2004 ਨੂੰ 75ਵੀਂ ਵਰ੍ਹੇਗੰਢ ਮੌਕੇ ਬੈਂਕ ਆਫ ਕੈਨੇਡਾ ਨੇ ਇਨ੍ਹਾਂ ਮਸ਼ਹੂਰ ਪੰਜਾਂ ਦੀਆਂ ਫੋਟੋਆਂ ਵਾਲਾ 50 ਡਾਲਰ ਦਾ ਨੋਟ ਜਾਰੀ ਕੀਤਾ।

ਕੈਨੇਡਾ ਵਿਚਲੇ ਸੰਬੰਧਤ ਪਹਿਲ ਦੇ ਕੁੱਝ ਤੱਥ -- ਕੈਰਿਨ ਵਿਲਸਨ 1930 ਵਿਚ ਪਹਿਲੀ ਮਹਿਲਾ ਸੈਨੇਟਰ ਬਣੀ।

1936 ਵਿਚ ਬਾਰਬਰਾ ਹੈਨਲੇ ਓਂਟੈਰੀਓ ਵਿਚ ਵੈੱਬਵਰਡ ਦੀ ਮੇਅਰ ਚੁਣੀ ਗਈ ਜੋ ਇਸ ਅਹੁਦੇ ਤੇ ਪਹੁੰਚਣ ਵਾਲੀ ਪਹਿਲੀ ਔਰਤ ਸੀ। 1980 - 84 ਲਈ ਜੀਨ ਸਾਵ ਹਾਊਸ ਆਫ ਕਾਮਨਜ਼ ਦੀ ਪਹਿਲੀ ਮਹਿਲਾ ਸਪੀਕਰ ਬਣੀ ਅਤੇ 1984 - 90 ਲਈ ਕੈਨੇਡਾ ਦੀ ਗਵਰਨਰ ਜਨਰਲ ਬਣੀ। 26 ਫ਼ਰਵਰੀ, 1897 ਨੂੰ ਕਲਾਰਾ ਬਰੈਟ ਮਾਰਟਿਨ ਪਹਿਲੀ ਔਰਤ ਬੈਰਿਸਟਰ ਅਤੇ ਸਾਲਿਸਟਰ ਬਣੀ।1875 ਵਿਚ ਗਰੇਸ ਆਨ ਲੋਖਾਰਟ ਨਿਊ ਬਰੁੰਜ਼ਵਿਕ ਦੇ ਸੈਕਵਿਲ ਵਿਖੇ ਮਾਊਂਟ ਐਲੀਸਨ ਯੂਨੀਵਰਸਿਟੀ ਤੋਂ ਬ੍ਰਿਟਿਸ਼ ਸਾਮਰਾਜ ਦੀ ਪਹਿਲੀ ਔਰਤ ਗਰੈਜੂਏਟ (B.Sc ) ਬਣੀ। ਸਦਕੇ ਜਾਈਏ ਹਿੰਮਤੀ, ਸਿਰੜੀ, ਦਲੇਰ, ਬੁੱਧੀਵਾਨ, ਲਿਆਕਤੀ ਅਤੇ ਧੁਨ ਦੀਆਂ ਪੱਕੀਆਂ ਇਨ੍ਹਾਂ ਅਤੇ ਅਜਿਹੀਆਂ ਹੋਰ ਸੈ਼ਮਾਨੀ ਔਰਤਾਂ ਦੇ, ਜਿਨ੍ਹਾਂ ਸਦਕਾ ਅੱਜ ਔਰਤਾਂ ਸਿਰ ਉੱਚਾ ਕਰ ਕੇ ਮਰਦਾਂ ਦੇ ਬਰਾਬਰ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਕੋਈ ਖੇਤਰ ਨਹੀਂ ਜਿੱਥੇ ਔਰਤਾਂ ਨੇ ਸ਼ਾਨਾਮੱਤੇ ਝੰਡੇ ਨਹੀਂ ਗੱਡੇ।

**ਨਾਰੀ, ਤੂੰ ਮਹਾਨ ਹੈਂ।**

# ਰਾਈਟਰਜ਼ ਫੋਰਮ ਦੀ ਨਵੰਬਰ ਮਹੀਨੇ ਦੀ ਮੀਟਿੰਗ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) 5 ਨਵੰਬਰ ਦਿਨ ਸ਼ਨੀਵਾਰ ਨੂੰ ਬਰਫ਼ਬਾਰੀ ਅਤੇ ਤੇਜ਼ ਚਲਦੀ ਹਵਾ ਦੀ ਪ੍ਰਵਾਹ ਨਾ ਕਰਦੇ ਹੋਏ ਸਾਹਿਤ ਪ੍ਰੇਮੀ ਐਨ ਸਮੇਂ ਸਿਰ ਕੋਸੋ ਹਾਲ ਵਿੱਚ ਰਾਈਟਰਜ਼ ਫੋਰਮ ਦੀ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਸਭਾ ਦੇ ਨਵੇਂ ਥਾਪੇ ਗਏ ਸਕੱਤਰ ਗੁਰਚਰਨ ਕੌਰ ਥਿੰਦ ਨੇ ਸੰਭਾਲੀ। ਉਨ੍ਹਾਂ ਪਿਛਲੇ ਮਹੀਨੇ ਸਭਾ ਦੇ ਬੋਰਡ ਮੈਂਬਰਾਂ ਦੀ ਹੋਈ ਇਕੱਤਰਤਾ ਵਿੱਚ ਸਭਾ ਨੂੰ ਨਵੇਂ ਸਿਰਿਓਂ ਸਥਾਪਤੀ ਵੱਲ ਵਧਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਉਦੇਸ਼ਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ। ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਜਸਵੀਰ ਸਿੰਘ ਸਹੋਤਾ ਅਤੇ ਬਲਵਿੰਦਰ ਬਰਾੜ ਜੀ ਨੇ ਕੀਤੀ। ਨਛੱਤਰ ਸਿੰਘ ਪੁਰਬਾ ਨੇ ਖਗੋਲ ਵਿਗਿਆਨੀਆਂ ਵੱਲੋਂ ਤਿਆਰ ਕੀਤੀ ਅਤੇ 25 ਦਿਸੰਬਰ 2021 ਨੂੰ ਸਪੇਸ ਵਿੱਚ ਭੇਜੀ ਗਈ 6161 ਕਿਲੋਗ੍ਰਾਮ ਭਾਰੀ 'ਜੇਮਜ਼ ਵੈੱਬ ਸਪੇਸ ਟੈਲੀਸਕੋਪ' ਸਬੰਧੀ ਵਿਸਥਾਰਤ ਜਾਣਕਾਰੀ ਆਪਣੇ ਹੱਥੀਂ ਬਣਾਏ ਚਿੱਤਰਾਂ ਨਾਲ ਦਿੱਤੀ। ਇਸ ਨਵੀਨਤਮ ਟੈਲੀਸਕੋਪ ਨਾਲ ਰੋਸ਼ਨੀ ਦੇ ਇਨਫਰਾਰੈੱਡ ਖੇਤਰ ਵਿੱਚ ਮੌਜੂਦ ਖਗੋਲੀ ਵਸਤੂਆਂ, ਬ੍ਰਹਿਮੰਡ ਵਿੱਚ ਬਹੁਤ ਦੂਰ ਅਤੇ ਅਤਿ ਪੁਰਾਣੇ ਬ੍ਰਹਿਮੰਡੀ ਪਿੰਡਾਂ ਦੇ ਚਿੱਤਰ ਲੈਣੇ ਅਤੇ ਸੂਖਮ ਜਾਣਕਾਰੀ ਪ੍ਰਾਪਤ ਕਰਨਾ ਸੰਭਵ ਹੋ ਗਿਆ ਹੈ। ਦਿੱਲੀ ਤੋਂ ਪੀ.ਐਚ.ਡੀ. ਕਰ ਕੇ ਹਾਲ ਹੀ ਵਿੱਚ ਕੈਲਗਰੀ ਆ ਕੇ ਵੱਸੇ ਪਰਮਜੀਤ ਕੌਰ ਨੇ, ਜੰਮੂ ਕਸ਼ਮੀਰ ਦੇ ਨਾਮਵਰ ਕਹਾਣੀਕਾਰ ਖ਼ਾਲਿਦ




ਹੁਸੈਨ ਹੁਰਾਂ ਬਾਰੇ ਲਿਖੀ ਕਿਤਾਬ 'ਮਾਟੀ ਉਦਮ ਕਰੇਂਦੀ', ਸਬੰਧੀ ਆਪਣੇ ਲਿਖੇ ਪੇਪਰ ਦੁਆਰਾ ਦੇਸ਼ ਦੀ ਵੰਡ ਸਮੇਂ ਖ਼ਾਲਿਦ ਹੁਸੈਨ ਦੇ ਪ੍ਰਵਾਰ ਨਾਲ ਵਾਪਰੇ ਦੁਖਾਂਤ ਦੀ ਜਾਣਕਾਰੀ ਦਿੱਤੀ, ਜਿਸਨੇ ਲੇਖਕ ਦੇ ਜੀਵਨ ਤੇ ਡੂੰਘਾ ਪ੍ਰਭਾਵ ਪਾਇਆ।

ਸੁਖਜੀਤ ਸੈਣੀ ਨੇ ਆਪਣੀ ਭਾਵਪੂਰਤ ਕਵਿਤਾ 'ਸ਼ੋਰ'33' ਸ਼ਬਦ ਕਦੋਂ ਕੁੱਝ ਕਹਿੰਦੇ ਨੇ, ਇਹ ਤਾਂ ਖ਼ਾਮੋਸ਼ ਰਹਿੰਦੇ ਹਨ; ਸ਼ੋਰ ਤਾਂ ਬੱਸ ਜਜ਼ਬਾਤਾਂ ਦਾ ਹੁੰਦਾ ਹੈ।' ਸਾਂਝੀ ਕੀਤੀ। ਅਮਰਜੀਤ ਵਿਰਦੀ ਨੇ 'ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ' ਸ਼ਬਦ ਆਪਣੀ ਸੁਰੀਲੀ ਅਵਾਜ਼ ਵਿੱਚ ਗਾਇਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਰਿਟਾਇਰਡ ਭੂਮੀ ਵਿਗਿਆਨੀ ਡਾ: ਸੁਖਵਿੰਦਰ ਸਿੰਘ ਥਿੰਦ ਨੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਦਿਨੋ-ਦਿਨ ਵਿਗੜਦੀ ਸਥਿਤੀ ਦੇ ਕਾਰਨਾਂ ਬਾਰੇ ਗੱਲ ਕੀਤੀ। ਉਨ੍ਹਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਨੂੰ ਲੈ ਕੇ ਹਾਲ ਹੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਅਤੇ ਗਵਰਨਰ ਦਰਮਿਆਨ ਉੱਠੇ ਵਿਵਾਦ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪੈਰੀ ਮਾਹਲ ਜੀ ਨੇ ਭਾਰਤ ਦੇ ਗਵਾਂਢੀ ਦੇਸ਼ ਪਾਕਿਸਤਾਨ ਵਿੱਚ ਸਮੇਂ ਸਮੇਂ ਬਦਲਦੇ ਰਹੇ ਰਾਜਨੀਤਕ ਪਹਿਲੂਆਂ ਬਾਰੇ ਦੱਸਿਆ।

ਬਲਵਿੰਦਰ ਬਰਾੜ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਦਿਹਾੜੇ ਨੂੰ ਮੁੱਖ ਰਖਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਆਸ਼ੇ ਬਾਰੇ ਗੱਲ ਕਰਦਿਆਂ ਕਿਹਾ ਕਿ 'ਗੁਰੂ ਨਾਨਕ ਦੁਆਰਾ ਰਚਿਤ 'ਜਪੁ ਜੀ' ਦੀ ਪਹਿਲੀ ਪਾਉੜੀ ਵਿੱਚ ਦਰਸਾਇਆ ਗਿਆ 'ਕਿਵ ਸਚਿਆਰਾ ਹੋਈਐ' ਜੀਵਨ ਜਾਚ ਦਾ ਚੱਜ ਤੇ ਸਲੀਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿੱਚ ਵਿਸਥਾਰਤ ਹੈ। ਗੁਰੂ ਜੀ ਵੱਲੋਂ 20 ਰੁਪਏ ਨਾਲ ਸ਼ੁਰੂ ਕੀਤੇ ਲੰਗਰ ਨੇ ਸਿੱਖਾਂ ਵੱਲੋਂ ਦੁਨੀਆਂ ਭਰ ਵਿੱਚ ਚਲਾਏ ਜਾਣ ਵਾਲੀ ਲੰਗਰ ਪ੍ਰਥਾ ਦਾ ਮੁੱਢ ਬੰਨ੍ਹਿਆ ਸੀ। ਸੁਖਵਿੰਦਰ ਤੂਰ ਜੀ ਨੇ ਗੁਰਭਜਨ ਗਿੱਲ ਦੀ ਗ਼ਜ਼ਲ ਗਾ ਕੇ ਹਾਜ਼ਰੀ ਲੁਆਈ। ਗੁਰਚਰਨ ਥਿੰਦ ਨੇ ਆਪਣੀ ਰਚਨਾ 'ਵਾਦ-ਵਿਵਾਦ' ਰਾਹੀਂ ਸੰਸਾਰ ਭਰ ਵਿੱਚ ਵੱਖ ਵੱਖ ਵਾਦਾਂ ਦੇ ਨਾਂ ਤੇ ਹੁੰਦੇ ਜੰਗਾਂ-ਯੁੱਧਾਂ ਦੇ ਫਲ਼ਸਰੂਪ ਆਮ ਲੋਕਾਂ ਦੇ ਹੋਣ ਵਾਲੇ ਘਾਣ ਨੂੰ ਦਰਸਾਇਆ। ਸਭਾ ਦੇ ਪ੍ਰਧਾਨ ਜਸਵੀਰ ਸਹੋਤਾ ਜੀ ਨੇ 13 ਨਵੰਬਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਬਾਰੇ ਗੱਲ ਕੀਤੀ। ਉਨ੍ਹਾਂ ਅਮਰੀਕਾ ਕਨੇਡਾ ਵਸਦੀ ਸਾਡੀ ਇੱਥੋਂ ਦੀ ਜੰਮੀ ਪਲ਼ੀ ਪੀੜ੍ਹੀ ਦਾ ਅਮਰੀਕਰਨ ਹੋਣਾ ਦਰਸਾਉਂਦੀ ਆਪਣੀ ਰਚਨਾ ਸਾਂਝੀ ਕੀਤੀ ਅਤੇ ਹਾਜ਼ਰੀਨ ਦਾ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਤਸੱਲੀ ਪ੍ਰਗਟ ਕੀਤੀ ਕਿ ਅੱਤ ਦੀ ਠੰਡ ਅਤੇ ਬਰਫ਼ਬਾਰੀ ਕਾਰਨ ਹਾਜ਼ਰੀ ਬੇਸ਼ਕ ਘੱਟ ਸੀ, ਪ੍ਰੰਤੂ ਅੱਜ ਦੀ ਮੀਟਿੰਗ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਕਾਮਯਾਬ ਰਹੀ।









# ਇੰਡੋ ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਰੀਮੈਂਬਰਸ ਡੇ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਿਆਰਾਂ ਨਵੰਬਰ ਵਾਲੇ ਦਿਨ ਇੰਡੋ ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਦਫਤਰ ਵਿੱਚ ਗਿਆਰਾਂ ਵਜੇ ਰਿਮੈਂਬਰਜ਼ ਡੇ ਮਨਾਇਆ ਗਿਆ । ਇਸ ਮੌਕੇ ਬੋਲਦਿਆਂ ਸੰਸਥਾ ਦੇ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਦੱਸਿਆ ਕਿ ਇਹ ਦਿਨ ਵਿਸ਼ੇਸ਼ ਤੌਰ ਤੇ ਮਨਾਉਣ ਲਈ ਅਸੀਂ ਸ਼ਾਮਲ ਹੋਏ ਹਾਂ। ਅੱਜ ਦਾ ਦਿਨ ਫ਼ੌਜੀ ਜਵਾਨਾਂ ਦੀ ਕੁਰਬਾਨੀ ਨੂੰ ਸਮਰਪਿਤ ਹੈ, ਜੋ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਕੇ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਆਪੋ ਆਪਣੇ ਮੁਲਕਾਂ ਦੀ ਰੱਖਿਆ ਨੂੰ ਬਰਕਰਾਰ ਰੱਖਣ ਵਾਸਤੇ ਬੜੀ ਹਿੰਮਤ ਤੇ ਦਲੇਰੀ ਨਾਲ ਸਰਹੱਦਾਂ ਦੀ ਰਾਖੀ ਕਰਦੇ ਹੋਏ ਸ਼ਹੀਦ ਹੋ ਜਾਂਦੇ ਹਨ। ਸਰਦਾਰ ਪ੍ਰੇਮੀ ਨੇ ਪੋਪੀ ਡੇਅ ਅਤੇ ਓਬਰਿਜ਼ਨਲ ਵੈਟਰਨ ਡੇ ਦੀ ਵਿਸਥਾਰਪੂਰਵਕ ਜਾਣਕਾਰੀ ਵੀ ਸਾਂਝੀ ਕੀਤੀ। ਐਮਐਲਏ ਇਰਫਾਨ ਸਾਬਿਰ ਨੇ ਬੋਲਦਿਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਇੱਕ ਬਹੁਤ ਵਧੀਆ ਨਜ਼ਮ ਵੀ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਸੇਵਾ ਸਿੰਘ ਪ੍ਰੇਮੀ ਨੂੰ ਕੁਈਨ ਐਲਜਾਬੈਥ ਪਲੈਟੀਨਮ ਜੁਬਲੀ ਮੈਡਲ ਵੀ ਪ੍ਰਦਾਨ ਕੀਤਾ। ਇਹ ਮੈਡਲ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਕਮਿਊਨਟੀ ਅਤੇ ਸੂਬੇ ਲਈ ਮਹੱਤਵਪੂਰਨ ਸੇਵਾਵਾਂ ਦਿੰਦੇ ਹੋਏ ਚੰਗਾ ਯੋਗਦਾਨ ਪਾਇਆ ਹੋਵੇ ਇਸ ਲਈ ਸੇਵਾ ਸਿੰਘ ਪ੍ਰੇਮੀ ਨੂੰ ਇਹ ਮਾਣ ਹਾਸਲ ਹੋਇਆ ਹੈ ਰੇਡੀ? ਰੈੱਡ ਐਫਐਮ ਦੇ ਹੋਸਟ ਰਿਸ਼ੀ ਨਾਗਰ ਨੇ ਸਰਦਾਰ ਬੁੱਕਮ ਸਿੰਘ ਬਾਰੇ ਜਾਣਕਾਰੀ ਸਾਂਝੀ ਕੀਤੀ। ਐਮਐਲਏ ਦਵਿੰਦਰ ਤੂਰ ਅਤੇ ਕੌਂਸਲਰ ਰਾਜ ਧਾਲੀਵਾਲ ਅਤੇ ਐਨ ਡੀ ਪੀ ਪਾਰਟੀ ਦੀ ਅਗਲੀ ਐਮ ਐਲ ਦੀ ਚੋਣ ਲੜਨ ਜਾ ਰਹੇ ਗੁਰਿੰਦਰ ਸਿੰਘ ਗਿੱਲ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ । ਰਵੀ ਜਨਾਗਲ, ਬਲਵਿੰਦਰ ਸਿੰਘ ਬਿਰਦੀ, ਜਸਬੀਰ ਕੌਰ ਸਰੋਇਆ, ਗੁਰਦਿਆਲ ਸਿੰਘ ਖਹਿਰਾ ਤੇ ਹਰਚੰਦ ਸਿੰਘ ਨੇ ਕੌਮੀ ਗੀਤ ਤੇ ਕਵਿਤਾਵਾਂ ਨਾਲ ਸਾਂਝ ਪਾਈ । ਪ੍ਰੋਗਰਾਮ ਦੇ ਅਖ਼ੀਰ ਵਿੱਚ ਇਸ ਮਹੀਨੇ ਆ ਰਹੇ ਮੈਂਬਰਾਂ ਦੇ ਜਨਮਦਿਨ ਦੀ ਵਧਾਈ ਕੇ ਕੱਟ ਕੇ ਦਿੱਤੀ ਗਈ।

# ਸ਼ੂਟਿੰਗ ਮੁਕਾਬਲਿਆਂ 'ਚ ਸੋਨੇ ਤੇ ਕਾਂਸੀ ਦੇ ਤਮਗੇ ਜਿੱਤਕੇ ਟਿੱਕਾ ਸੋਢੀ ਨੇ ਕੈਨੇਡਾ ' ਚ ਦੇਸ਼ ਦਾ ਨਾਂ ਚਮਕਾਇਆ




ਮੋਹਾਲੀ (ਪੰਜਾਬੀ ਅਖ਼ਬਾਰ ਬਿਊਰੋ) ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵੈਨਕੂਵਰ, ਕੈਨੇਡਾ ਵਿੱਚ ਡਿਗਰੀ ਕੋਰਸ ਕਰ ਰਹੇ ਮੋਹਾਲੀ, ਪੰਜਾਬ ਦੇ ਵਸਨੀਕ ਟਿੱਕਾ ਜੈ ਸਿੰਘ ਸੋਢੀ ਨੇ ਕੈਨੇਡਾ ਵਿਖੇ ਹੋਏ ਵੱਖ ਵੱਖ ਸ਼ੂਟਿੰਗ ਮੁਕਾਬਲਿਆਂ ਵਿੱਚ ਤਮਗੇ ਜਿੱਤ ਕੇ ਦੇਸ਼ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਰੋਡ ਐਂਡ ਗੰਨ ਕਲੱਬ ਵਿਖੇ ਹੋਏ 10 ਮੀਟਰ ਏਅਰ ਪਿਸਟਲ ਮੁਕਾਬਲਿਆਂ ਵਿੱਚ ਜੂਨੀਅਰ ਵਰਗ ਵਿੱਚ ਟਿੱਕਾ ਸੋਢੀ ਨੇ ਸੋਨ ਤਮਗਾ ਹਾਸਲ ਕੀਤਾ ਹੈ। ਇਸ ਮੁਕਾਬਲੇ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਨਾਮੀ ਖਿਡਾਰੀਆਂ ਨੇ ਭਾਗ ਲਿਆ । ਇਸੇ ਪ੍ਰਕਾਰ ਕੈਨੇਡਾ ਯੂਨੀਵਰਸਿਟੀ ਸ਼ੂਟਿੰਗ ਫੈਡਰੇਸ਼ਨ ਵੱਲੋਂ ਕਰਵਾਈ ਤੀਜੀ ਯੂਨੀਵਰਸਿਟੀ ਸ਼ੂਟਿੰਗ ਲੀਗ ਵਿੱਚ ਟ੍ਰੈਪ ਸ਼ੂਟਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟਿੱਕਾ ਸੋਢੀ ਨੇ ਕਾਂਸੀ ਦਾ ਤਮਗਾ ਜਿੱਤਿਆ ਹੈ। ਇੱਥੇ ਜਿਕਰਯੋਗ ਹੈ ਕਿ ਇਸ ਯੂਨੀਵਰਸਿਟੀ ਸ਼ੂਟਿੰਗ ਲੀਗ ਮੁਕਾਬਲੇ ਵਿੱਚ ਕੈਨੇਡਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਨਾਮੀ ਖਿਡਾਰੀਆਂ ਨੇ ਭਾਗ ਲਿਆ ਸੀ। ਟਿੱਕਾ ਸੋਢੀ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਉਸ ਦੇ ਭਾਰਤ ਵਿੱਚ ਰਹੇ ਕੋਚ ਸੁਭਾਸ਼ ਰਾਣਾ ਅਤੇ ਲਰਨਿੰਗ ਪਾਥਸ ਸਕੂਲ ਮੋਹਾਲੀ ਦੇ ਡਾਇਰੈਕਟਰ ਰੋਬਿਨ ਅਗਰਵਾਲ ਅਤੇ ਉਸ ਦੇ ਦਾਦਾ ਮਨਜਿੰਦਰ ਸਿੰਘ ਸੋਢੀ ਅਤੇ ਪਿਤਾ ਅਰੁਣਜੋਤ ਸਿੰਘ ਸੋਢੀ ਨੇ ਉਸ ਨੂੰ ਵਧਾਈਆਂ ਦਿੱਤੀਆਂ ਹਨ। ਜਿਕਰਯੋਗ ਹੈ ਕਿ ਟਿੱਕਾ ਸੋਢੀ ਭਾਰਤ ਵਿਚ ਵੀ ਜੂਨੀਅਰ ਪਿਸਟਲ ਸ਼ੂਟਿੰਗ ਟੀਮ ਦਾ ਲਗਾਤਾਰ ਤਿੰਨ ਸਾਲ ਮੈਂਬਰ ਰਿਹਾ ਤੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਤਮਗੇ ਜਿੱਤੇ ਹਨ।

# ਕੈਲਗਰੀ ਦੇ ਕਰਾਸ ਆਇਰਨ ਮਿਲਜ਼ ਮਾਲ ਦੇ ਅੰਦਰ ਉਸਾਰੀ ਅਧੀਨ ਕੰਧ ਡਿੱਗ ਪਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਕਰਾਸ ਆਇਰਨ ਮਾਲ ਸਥਿਤ ਹੈਰੀ ਰੋਜ਼ਨ ਸਟੋਰ ਅਤੇ ਟਿਮ ਹੌਰਟਨ ਦੇ ਨੇੜੇ ਇਹ ਘਟਨਾ ਸਨਿੱਚਰਵਾਰ ਦੁਪਹਿਰ 1:30 ਵਜੇ ਦੇ ਕਰੀਬ ਵਾਪਰੀ ਹੈ। ਕੰਧ ਡਿੱਗਣ ਨਾਲ ਇੱਕ ਜ਼ੋਰਦਾਰ ਧਮਾਕਾ ਹੋਇਆ ਤਾਂ ਡਰੇ ਹੋਏ ਦੁਕਾਨਦਾਰ ਇੱਧਰ ਉਧਰ ਭਜਦੇ ਨਜ਼ਰ ਆਏ । ਇੱਕ ਔਰਤ ਅਤੇ ਉਸ ਦੇ ਪੋਤਾ ਜੋ ਡਿਗਦੀ ਹੋਈ ਕੰਧ ਦੇ ਬਿਲਕੁੱਲ ਨੇੜਿਓਂ ਲੰਘ ਰਹੇ ਸਨ ਉਹਨਾਂ ਦਾ ਇਸ ਅਣਸੁਖਾਵੀ ਘਟਨਾ ਤੋਂ ਬਚਾਅ ਹੋ ਗਿਆ ਹੈ,ਪਰ ਉਂਝ ਉਹ ਪਰਿਵਾਰ ਸਹਿਮ ਗਿਆ ਹੈ। ਬੱਚੇ ਦੀ ਮਾਂ ਨੇੜੇ ਹੀ ਸੀ ਅਤੇ ਉਸ ਨੂੰ ਸੱਟ ਨਹੀਂ ਲੱਗੀ ਸੀ, ਪਰ ਬਾਅਦ ਵਿੱਚ ਉਹ ਕੰਬ ਰਹੀ ਸੀ। ਇਸ ਘਟਨਾ ਵਿੱਚ ਟਿਮ ਹਾਰਟਨ ਦਾ ਕੋਈ ਕਰਮਚਾਰੀ ਵੀ ਜ਼ਖਮੀ ਨਹੀਂ ਹੋਇਆ।"ਰੌਕੀਵਿਊ ਫਾਇਰ ਡਿਪਾਰਟਮੈਂਟ ਅਤੇ ਐਮਰਜੈਂਸੀ ਸੇਵਾਵਾਂ ਨੂੰ ਘਟਨਾ ਸਥਾਨ 'ਤੇ ਬੁਲਾਇਆ ਗਿਆ ਸੀ। ਕੋਈ ਜ਼ਖਮੀ ਨਹੀਂ ਹੋਇਆ ਸੀ। ਇੱਕ ਔਰਤ ਅਤੇ ਇੱਕ ਬੱਚੇ ਦਾ ਮੁਲਾਂਕਣ ਕੀਤਾ ਗਿਆ ਸੀ ਅਤੇ ਛੱਡ ਦਿੱਤਾ ਗਿਆ ਸੀ। ਵਰਨਣਯੋਗ ਹੈ ਕਿ ਇਹ ਹੈਰੀ ਰੋਜ਼ਨ ਨਾਂ ਦਾ ਸਟੋਰ ਖੁੱਲਣ ਲਈ ਤਿਆਰੀ ਅਧੀਨ ਹੈ ਜਿਸ ਦੀ ਅਸਥਾਈ ਤੌਰ ਤੇ ਉਸਾਰੀ ਗਈ ਇਹ ਕੰਧ ਅਚਾਨਕ ਡਿੱਗ ਪਈ।





























SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

broadview HOMES
A QUALICO Company

ਰੈਡਸਟੋਨ ਵਿੱਚ ਸਪੈਕ ਹੋਮ ਵਿਕਾਊ ਹਨ !!!

SCAN ME

ਅਹਿ ਕਿਊ ਆਰ ਕਲਿੱਕ ਕਰਕੇ ਘਰਾਂ ਦੀ ਉਪਲੱਬਧੀ ਦੇਖ ਸਕਦੇ ਹੋ !!!



ਤਿਆਰ ਹੋਏ ਘਰਾਂ ਵਿੱਚ ਮੂਵ ਹੋਵੋ

ਕਿਰਾਏ ਦੀਆਂ ਵਧਦੀਆਂ ਕੀਮਤਾਂ ਦੇ ਨਾਲ, ਬ੍ਰੌਡਵਿਊ ਹੋਮਸ ਤੁਹਾਨੂੰ ਮੌਜੂਦਾ ਵਿਆਜ ਦਰਾਂ 'ਤੇ ਹੁਣੇ ਉਪਲਬਧ ਮੂਵ-ਇਨ ਤਿਆਰ ਘਰਾਂ ਦੇ ਨਾਲ ਮਨ ਦੀ ਸ਼ਾਂਤੀ ਦਿਵਾਏਗਾ!!

ਰੈਡਸਟੋਨ ਕਮਿਓਨਿਟੀ ਵਿੱਚ ਥੋੜੇ ਜਿਹੇ ਘਰ ਹੀ ਬਾਕੀ ਹਨ !

Broadview Homes Calgary • Contact Jason in Redstone at 403-978-1002
www.broadviewhomescalgary.com

Calgary


# ਕੀ ਤੁਸੀਂ ਤਿਆਰ ਹੋ?

## CEMA ਕਮਿਊਨਿਟੀ ਸਰਵੇਖਣ

ਕੈਲਗਰੀ ਐਮਰਜੈਂਸੀ ਮੈਨੇਜਮੈਂਟ ਏਜੰਸੀ (CEMA) ਇਹ ਜਾਣਨਾ ਚਾਹੁੰਦੀ ਹੈ ਕਿ ਤੁਸੀਂ ਕੈਲਗਰੀ ਵਿੱਚ ਕਿਸੇ ਐਮਰਜੈਂਸੀ ਜਾਂ ਸੰਕਟ ਲਈ ਕਿੰਨੇ ਤਿਆਰ ਹੋ। ਤੁਹਾਡਾ ਇਨਪੁਟ ਇੱਕ ਨਵਾਂ ਰੈਡੀ ਕੈਲਗਰੀ ਪ੍ਰੋਗਰਾਮ ਬਣਾਉਣ ਵਿੱਚ ਸਾਡੀ ਮਦਦ ਕਰੇਗਾ ਜੋ ਕੈਲਗਰੀ ਵਿੱਚ ਸੰਕਟ ਦੇ ਜੋਖਮਾਂ ਅਤੇ ਖਤਰਿਆਂ ਲਈ ਸਭ ਤੋਂ ਵੱਧ ਕਮਜ਼ੋਰ ਲੋਕਾਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਦਾ ਹੈ। ਸਰਵੇਖਣ ਦੇ ਸਾਰੇ ਜਵਾਬ ਗੁਮਨਾਮ ਹਨ।

ਸਰਵੇਖਣ ਪੂਰਾ ਕਰਨ ਤੋਂ ਬਾਅਦ, ਤੁਹਾਡੇ ਕੋਲ ਦਸ $50 ਗਿਫਟ ਕਾਰਡਾਂ ਵਿੱਚੋਂ ਇੱਕ ਲਈ ਆਪਣਾ ਨਾਮ ਦਰਜ ਕਰਨ ਦਾ ਮੌਕਾ ਹੋਵੇਗਾ।

**ਕੀ ਤੁਸੀਂ ਤਿਆਰ ਹੋ? engage.calgary.ca/ReadyCalgary'ਤੇ ਜਾਓ**



22-0024068 | ADV-17544



Ambleton
A Qualico Community
ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ
$400s ਤੱਕ
ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ
$600s ਤੋਂ ਸ਼ੁਰੂ
ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ
ਕੈਲਗਰੀ ਦਾ ਨਵਾਂ ਨਾਰਥ ਏਰੀਆ
ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ!
liveinambleton.com
24 St NW
14 St NW
144 Ave NE
Evanston Dr NW
Symons Valley Pkwy NW
Stoney Trail NW
ਐਂਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐਂਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ
1200 ਤੋਂ ਜਿਆਦਾ ਘਰ
8 ਫੇਸ ਹਨ
7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Vermilion Hill
ਵਰਮਿਲੀਅਨ ਵਿੱਚ ਤੁਹਾਨੂੰ ਜੀ ਆਇਆਂ ਨੂੰ
ਪੜਚੋਲ ਕਰਨ ਲਈ ਜੀਓ
ਕਮਿਊਨਿਟੀ ਗਰੈਂਡ ਓਪਨਿੰਗ
ਸਨਿੱਚਰਵਾਰ 19 ਨਵੰਬਰ 2022
ਸਾਊਥ ਵੈਸਟ ਕੈਲਗਰੀ ਵਿੱਚ ਨਵੀਂ ਕਮਿਊਨਿਟੀ.
ਵਰਮਿਲੀਅਨ ਹਿੱਲ, ਕੁਦਰਤ ਨਾਲ ਘਿਰਿਆ, ਫਿਸ਼ ਕ੍ਰੀਕ ਪਾਰਕ ਤੋਂ, ਕੁੱਝ ਕੁ ਕਦਮ ਦੂਰ ਹੈ । ਜਿਸ ਦਾ ਏਰੀਆ ਪੱਕੇ ਅਤੇ ਬੱਜਰੀ ਵਾਲੇ ਰਸਤੇ, ਪਿਕਨਿਕ ਖੇਤਰ,ਪਾਰਕ, ਅਤੇ ਹੋਰ ਬਹੁਤ ਕੁਝ ਨਾਲ ਭਰਿਆ ਹੋਇਆ ਹੈ। ਇੱਥੇ ਰਹਿਣ ਵਾਲੇ ਭਾਈਚਾਰੇ ਲਈ ਰੌਕੀ ਪਹਾੜਾਂ ਦੇ ਦ੍ਰਿਸ਼ ਅਤੇ ਆਸਾਨੀ ਨਾਲ ਬ੍ਰੈਗ ਕ੍ਰੀਕ ਅਤੇ ਕਨਨਾਸਕਿਸ ਤੱਕ ਪਹੁੰਚ ਹੈ।
ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨਸਥਾਨ ਹੈ ਜੋ ਬਾਹਰ ਦੇ ਖੁੱਲੇ-ਡੁੱਲੇ ਵਾਤਾਵਰਣ ਨੂੰ ਪਸੰਦ ਕਰਦੇ ਹਨ।
ਅੱਜ ਹੀ ਰਜਿਸਟਰ ਕਰੋ liveinvermilionhill.com
ਡੁਪਲੈਕਸ ਹੋਮ ਫਰੌਮ ਦੀ ਲੋਅ $500s
ਲੇਨਡ ਹੋਮ ਫਰੌਮ ਦੀ ਮਿੱਡ $500s
ਫਰੰਟ ਗੈਰਾਜ ਫਰੌਮ ਦੀ ਮਿੱਡ $600s
ਪਹਿਲੇ 30 ਘਰਾਂ ਦੇ ਖਰੀਦਦਾਰਾਂ ਵਿੱਚੋਂ ਤੁਸੀਂ ਇੱਕ ਬਣੋ ਅਤੇ ਇਨਾਮ ਲਵੋ
ਐਵਾਰਡ ਜੇਤੂ ਬਿਲਡਰ: Homes by Avi | Genesis Builds | Shane Homes Sterling Homes | Broadview Homes | NuVista Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




$ ਸਾਡੇ ਅਫਸਰਾਂ ਨੂੰ ਚੰਗੀ ਤਨਖਾਹ ਦਿੱਤੀ ਜਾਂਦੀ ਹੈ, $67,885 ਦੀ ਸ਼ੁਰੂਆਤੀ ਤਨਖਾਹ ਦੇ ਨਾਲ ਜੋ ਪੰਜ ਸਾਲਾਂ ਦੀ ਸੇਵਾ ਤੋਂ ਬਾਅਦ ਵੱਧ ਕੇ $104,439 ਹੋ ਜਾਂਦੀ ਹੈ।

CPS ਵਿੱਚ ਸਾਡੀ ਸਭ ਤੋਂ ਵੱਡੀ ਸੰਪਤੀ ਸਾਡੇ ਲੋਕ ਹਨ। ਉਹ ਸਾਡੀ ਰੋਜ਼ਾਨਾ ਦੀ ਪ੍ਰੇਰਨਾ ਅਤੇ ਮਾਣ ਵਜੋਂ ਕੰਮ ਕਰਦੇ ਹਨ, ਸਾਰੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦੇ ਸਮੂਹਿਕ ਟੀਚੇ ਨਾਲ ਬੰਨ੍ਹੇ ਹੋਏ ਹਨ।

ਅਸੀਂ ਤੁਹਾਡੇ ਪੂਰੇ ਕਰੀਅਰ ਦੇ ਦੌਰਾਨ ਸਿਖਲਾਈ, ਸਿੱਖਿਆ, ਕਰੀਅਰ ਵਿਕਾਸ ਅਤੇ ਤਰੱਕੀ ਪ੍ਰਦਾਨ ਕਰਦੇ ਹਾਂ।

ਅਸੀਂ ਭਰਤੀ ਕਰ ਰਹੇ ਹਾਂ
@calgarypolice
join.calgarypolice.ca

# ਸਨੋਅਮੈਨ 2 ਦਸੰਬਰ 2022 ਤੋਂ ਦੁਨੀਆਂ ਭਰ ਦੇ ਸਿਨੇਮਿਆਂ ਅੰਦਰ ਵੜ੍ਹਨ ਦੀ ਪੂਰੀ ਤਿਆਰੀ ਵਿੱਚ ਹੈ

ਕਨੇਡਾ ਵਿੱਚ ਬਰਫਬਾਰੀ ਦਾ ਮੌਸਮ ਸੁਰੂ ਹੋ ਚੁਕਿਆ ਹੈ ਇਸ ਲਈ ਅਮਨ ਖਟਕੜ ਪ੍ਰੋਡਕਸ਼ਨ ਵਾਲੇ ਅਮਨ ਖਟਕੜ ਹੋਰਾਂ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ 2 ਦਸੰਬਰ 2022 ਵਾਲੇ ਦਿਨ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਅੰਦਰ "ਸਨੋਅਮੈਨ" ਆਪਣੀ ਹਾਜਰੀ ਲਗਵਾਏਗਾ। "ਸਨੋਅਮੈਨ" ਨਾਂ ਦੀ ਫਿਲਮ ਦੀ ਸੂਟਿੰਗ ਕਨੇਡਾ ਦੇ ਬਰਫੀਲੇ ਮੌਸਮ ਵਿੱਚ ਬਹੁਤ ਹੀ ਔਖੇ ਹਾਲਾਤਾਂ 'ਚ ਮੁਕੰਮਲ ਹੋਈ। ਨੀਰੂ ਬਾਜਵਾ ਦੀ ਬਾ ਕਮਾਲ ਅਦਾਕਾਰੀ ਇਸ ਵਾਰ ਇੱਕ ਵੱਖਰੇ ਰੰਗ 'ਚ ਨਜ਼ਰ ਆਏਗੀ। ਨੌਜਵਾਨ ਦਿਲਾਂ ਦੀ ਧੜਕਣ ਗਾਇਕ ਜੈਜੀ ਬੀ ਤੁਹਾਨੂੰ ਕੈਨੇਡੀਅਨ ਪੁਲਿਸ ਦੀ ਵਰਦੀ 'ਚ ਦਿਸੇਗਾ। ਰਾਣਾ ਰਣਬੀਰ ਵੱਲੋਂ ਲਿਖੀ ਕਹਾਣੀ 'ਤੇ ਉਸ ਵੱਲੋਂ ਖੁਦ ਨਿਭਾਏ ਗਏ ਕਿਰਦਾਰ ਨੂੰ ਵੇਖ ਜਿੱਥੇ ਲੋਕ ਸਹਿਮਣਗੇ, ਉੱਥੇ ਹੀ ਇੱਕ ਸੋਚਣ ਦਾ ਵਿਸ਼ਾ ਵੀ ਉੱਭਰੇਗਾ। ਇਸ ਫਿਲਮ ਰਾਹੀਂ ਇੱਕ ਨਵਾਂ ਚਿਹਰਾ ਅਰਸ਼ੀ ਖਟਕੜ ਪੰਜਾਬੀ ਫਿਲਮ ਜਗਤ ਵਿੱਚ ਉੱਤਰ ਰਿਹੈ, ਜੋ ਕੈਨੇਡਾ 'ਚ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੀ ਨੁਮਾਇੰਦਗੀ ਕਰੇਗਾ। ਅੱਜ ਦੇ ਸਮੇਂ ਦੀ ਲੋੜ ਮੁਤਾਬਿਕ ਇਹ ਫਿਲਮ "ਸਨੋਅਮੈਨ" ਦਰਸ਼ਕਾਂ ਨੂੰ ਵੱਖਰਾ ਵਿਸ਼ਾ, ਦਿੱਖ ਅਤੇ ਫਿਲਮਾਂਕਣ ਦਿਖਾਏਗੀ। ਸਰੀ ਨਿਵਾਸੀ ਪੰਜਾਬੀ ਸਿਨੇਮਾ ਦੀ ਦੁਨੀਆਂ ਅੰਦਰ ਨਿਵੇਕਲੀਆਂ ਪੈੜਾਂ ਪਾਉਣ ਦਾ ਆਦੀ ਅਮਨ ਖਟਕੜ ਇਸ ਤੋਂ ਪਹਿਲਾਂ ਵੀ ਗੋਰਿਆਂ ਨੂੰ ਦਫਾ ਕਰੋ,ਅੰਗਰੇਜ਼, ਅਰਦਾਸ ਵਰਗੀਆਂ ਫਿਲਮਾਂ ਦਾ ਨਿਰਮਾਣ ਕਰਕੇ ਸਫਲਤਾ ਦੇ ਝੰਡੇ ਗੱਡ ਚੁੱਕਾ ਹੈ। ਇਸ ਵਾਰ ਇਸ ਫਿਲਮ ਦੇ ਨਿਰਦੇਸ਼ਨਾ ਵੀ ਅਮਨ ਖਟਕੜ ਨੇ ਆਪ ਕੀਤੀ ਹੈ। "ਜੱਟ ਬੋਲਦੇ" ਫਿਲਮ ਦਾ ਪਹਿਲਾ ਗੀਤ, ਗਿੱਪੀ ਗਰੇਵਾਲ ਅਤੇ ਜੈਜੀ ਬੀ ਦੀਆਂ ਆਵਾਜਾਂ ਵਿੱਚ ਹੈਪੀ ਰਾਇਕੋਟੀ ਦਾ ਲਿਖਿਆ, ਸੰਗੀਤ ਪ੍ਰੇਮੀਆਂ ਦੇ ਦਿਲਾਂ ਉੱਪਰ ਆਉਂਦਿਆਂ ਹੀ ਛਾਅ ਗਿਆ ਹੈ ।ਹੁਣ ਉਡੀਕ ਰਹੇਗੀ 2 ਦਸੰਬਰ 2022 ਵਾਲੇ ਉਸ ਦਿਨ ਦੀ ਜਦੋਂ ਗਿੱਪੀ ਗਰੇਵਾਲ ਅਤੇ ਅਮਨ ਖਟਕੜ ਪਰੋਡਕਸਨ ਦੀ ਸਾਂਝੀ ਫਿਲਮ ਸਿਨੇਮਾਂ ਘਰਾਂ ਅੰਦਰ ਦਰਸਕਾਂ ਦੀ ਤਾੜੀਆਂ ਦੀ ਦਾਦ ਖੱਟ ਰਹੀ ਹੋਵੇਗੀ ।

**ਹਰਬੰਸ ਬੁੱਟਰ**



# ਸਸਕੈਚਵਨ ਦੇ ਸ਼ਹਿਰ ਰੀਜਾਇਨਾ ਦਾ ਅੰਮ੍ਰਿਤਧਾਰੀ ਗੁਰਸਿੱਖ ਨੌਜਵਾਨ ਬਣਿਆ ਏਅਰਪੋਰਟ ਤੇ ਸਕਰੀਨਿੰਗ ਅਫਸਰ

ਰੀਜਾਇਨਾ (ਪੰਜਾਬੀ ਅਖਬਾਰ ਬਿਊਰੋ): ਜਦੋਂ ਰੀਜਾਇਨਾ ਦੇ ਏਅਰਪੋਰਟ ਤੇ ਇੱਕ ਸੋਹਣਾ ਸੁਨੱਖਾ ਤੇ ਲੰਬਾ ਲੰਝਾ ਅੰਮ੍ਰਿਤਧਾਰੀ ਗੁਰਸਿੱਖ ਬਤੌਰ ਸਕਰੀਨਿੰਗ ਆਫੀਸਰ ਖੜ੍ਹਾ ਦਿਖਾਈ ਦਿੰਦਾ ਹੈ ਤਾਂ ਸਾਡੇ ਸਾਰੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਗੁਰਾਂ ਦੇ ਨਾਮ ਤੇ ਵਸਣ ਵਾਲੇ ਸੂਬੇ ਪੰਜਾਬ ਦੀ ਮਿੱਟੀ ਦੇ ਜੰਮਪਲ ਸਿੱਖ ਨੌਜਵਾਨ ਜਦੋਂ ਵਿਦੇਸ਼ਾਂ ਦੀ ਧਰਤੀ ਤੇ ਜਾ ਕੇ ਆਪਣੀ ਮਿਹਨਤ, ਉੱਦਮ ਅਤੇ ਲਿਆਕਤ ਨਾਲ ਮੰਜ਼ਿਲਾਂ ਮਾਰ ਕੇ ਕਿਸੇ ਮੁਕਾਮ ਤੇ ਪਹੁੰਚਦੇ ਹਨ ਤਾਂ ਹਰੇਕ ਪੰਜਾਬੀ ਮਾਣ ਮਹਿਸੂਸ ਕਰਦਾ ਹੈ।ਸ਼ਹੀਦਾਂ ਦੀ ਪਾਵਨ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਜੀ ਦੇ ਪਿੰਡ ਚਹਿਲਾਂ ਦਾ ਰਹਿਣ ਵਾਲਾ ਇਹ ਗੁਰਸਿੱਖ ਨੌਜਵਾਨ ਕੋਮਲਜੀਤ ਸਿੰਘ ਕੋਮਲ ਪੰਜਾਬ ਵਿੱਚ ਜਲਾਲਪੁਰ ਵਿਖੇ ਨੌਵੀਂ ਤੱਕ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਦ ਰੀਜਾਇਨਾ ਸ਼ਹਿਰ ਵਿੱਚ ਆਇਆ ਸੀ। ਉਹ ਮਾਣਮੱਤੀ ਸ਼ਖਸ਼ੀਅਤ ਗਿਆਨੀ



ਰਾਮ ਸਿੰਘ ਚਹਿਲਾਂ ਦਾ ਹੋਣਹਾਰ ਸਪੁੱਤਰ ਹੈ। ਉਹਨਾਂ ਵੱਲੋਂ ਦਿੱਤੇ ਸੰਸਕਾਰਾਂ ਦਾ ਸਦਕਾ ਇਸ ਨੌਜਵਾਨ ਨੇ ਕੈਨੇਡਾ ਆਉਂਦਿਆਂ ਹੀ ਰੀਜਾਇਨਾ ਦੇ ਸਕੂਲ ਵਿੱਚ ਅਗਲੇਰੀ ਪੜ੍ਹਾਈ ਸ਼ੁਰੂ ਕੀਤੀ।

ਸਕੂਲ ਦੀ ਪੜ੍ਹਾਈ ਪੂਰੀ ਕਰਕੇ ਰੀਜਾਇਨਾ ਦੀ ਯੂਨੀਵਰਸਿਟੀ ਵਿੱਚ ਪੁਲਿਸ ਸਟੱਡੀ ਕੀਤੀ।

ਇਸ ਉੱਦਮੀ ਨੌਜਵਾਨ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਸੁਪਰ ਸਟੋਰ ਵਿੱਚ ਪਹਿਲਾਂ ਕੈਸ਼ੀਅਰ ਦੀ ਨੌਕਰੀ ਸ਼ੁਰੂ ਕੀਤੀ ਅਤੇ ਬਹੁਤ ਛੇਤੀ ਆਪਣੀ ਲਿਆਕਤ ਸਦਕਾ ਉੱਥੇ ਸੁਪਰਵਾਈਜਰ ਅਤੇ ਐਸਸਿਟੈਂਟ ਮੈਨੇਜਰ ਦੀ ਨੌਕਰੀ ਤੱਕ ਪਹੁੰਚਿਆ ਸੀ। ਕੋਮਲਜੀਤ ਸਿੰਘ ਜੀ ਦਾ ਮੰਨਣਾ ਹੈ ਕਿ ਇਹ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਹੀ ਹੈ। ਉਹਨਾਂ ਅਨੁਸਾਰ ਮੇਰੇ ਸਤਿਕਾਰ ਯੋਗ ਪਿਤਾ ਜੀ ਗਿਆਨੀ ਰਾਮ ਸਿੰਘ ਚਹਿਲਾਂ ਨੇ ਮੈਨੂੰ ਬਚਪਨ ਤੋਂ ਹੀ ਖੁਦ ਆਪ ਸਹਿਜ ਪਾਠ ਕਰਨ ਦੀ ਲਗਨ ਲਗਾ ਦਿੱਤੀ ਸੀ ਅਤੇ ਮੇਰੀ ਮਾਤਾ ਸੁਰਿੰਦਰ ਕੌਰ ਜੀ ਨੇ ਮੈਨੂੰ ਜਿੰਦਗੀ ਵਿੱਚ ਮਿਹਨਤ ਅਤੇ ਇਮਾਨਦਾਰੀ ਦਾ ਸਬਕ ਸਿਖਾਇਆ।

## ਅੰਤਰਰਾਸ਼ਟਰੀ ਕਬੱਡੀ ਖਿਡਾਰੀ ਦੀ ਹੋਈ ਮੌਤ

ਗੁਰਦਾਸਪੁਰ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਤੋਂ ਇੱਕ ਦੁੱਖ ਭਰੀ ਖ਼ਬਰ ਸਾਹਮਣੇ ਆਈ ਹੈ ਜਿੱਥੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸ਼ੇਰਾ ਅਠਵਾਲ (ਸ਼ਮਸ਼ੇਰ ਸਿੰਘ) ਦੀ ਅਚਾਨਕ ਮੌਤ ਹੋ ਗਈ ਹੈ। ਸ਼ੇਰਾ ਅਠਵਾਲ ਦੀ ਮੌਤ ਦੀ ਖ਼ਬਰ ਜਿਉਂ ਹੀ ਉਸ ਦੇ ਪਰਿਵਾਰ ਨੂੰ ਮਿਲੀ ਤਾਂ ਗੁਰਦਾਸਪੁਰ ਦੇ ਪਿੰਡ ਅਠਵਾਲ ਵਿਖੇ ਪਰਿਵਾਰ



ਅਤੇ ਇਲਾਕੇ ਭਰ 'ਚ ਸੋਗ ਦੀ ਲਹਿਰ ਦੌੜ ਗਈ। ਕਬੱਡੀ ਖਿਡਾਰੀ ਸ਼ੇਰਾ ਅਠਵਾਲ ਦੇ ਇਸ ਤਰ੍ਹਾਂ ਅਚਾਨਕ ਦੁਨੀਆਂ ਛੱਡ ਜਾਣ ਨਾਲ ਪੂਰਾ ਪਰਿਵਾਰ ਸਹਿਮ ਅਤੇ ਗ਼ਮਗੀਨ ਹੈ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

FREE ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ FREE
SWIFT CABS
YOUR DESTINATION IS OUR GOAL
CONTACT: BILL SINGH 306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070